ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

## Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245 31/

https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 8 ਅਕਤੂਬਰ 2025 (ਨਾਨਕਸ਼ਾਹੀ ਸੰਮਤ : ੫੫੭, ੨੩ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243



ਅੱਜ 9 ਅਕਤੂਬਰ ਨੂੰ ਪ੍ਰਕਾਸ਼ ਗੁਰਪੁਰਬ ’ਤੇ ਵਿਸ਼ੇਸ਼

# ਧੰਨੁ ਧੰਨੁ ਰਾਮਦਾਸ ਗੁਰੂ ਜੀ

**ਸਿੱਖ ਕੌਮ** ਦੇ ਚੌਥੇ ਪਾਤਸ਼ਾਹ ਤੇ ਅੰਮ੍ਰਿਤਸਰ ਸ਼ਹਿਰ ਦੇ ਬਾਨੀ, ਸੋਢੀ ਸੁਲਤਾਨ ਸ਼੍ਰੀ ਗੁਰੂ ਰਾਮ ਦਾਸ ਜੀ ਦਾ ਜਨਮ ਸੋਢੀ ਹਰਿਦਾਸ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖ ਤੋਂ ਕੱਤਕ ਵਦੀ 2, 26 ਅੱਸੂ ਸੰਮਤ 1591, 24 ਸਤੰਬਰ ਸੰਨ 1534 ਈ: ਨੂੰ ਚੂਨਾ ਮੰਡੀ ਲਾਹੌਰ ਪਾਕਿਸਤਾਨ ਵਿਖੇ ਹੋਇਆ।ਆਪ ਕਿਉਂਕਿ ਮਾਤਾ-ਪਿਤਾ ਦੇ ਪਹਿਲੇ ਜੰਮੇ ਪੁੱਤਰ ਸਨ, ਇਸ ਲਈ ਪਲੇਠੀ ਦਾ ਪੁੱਤਰ ਹੋਣ ਕਰਕੇ ਆਪ ਨੂੰ ਜੇਠਾ ਕਰਕੇ ਸੱਦਣ ਲੱਗੇ। ਜੇਠਾ ਜੀ ਹਾਲੇ ਛੋਟੀ ਉਮਰ ਦੇ ਹੀ ਸਨ ਕਿ ਮਾਤਾ-ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਆਪ ਦੀ ਪਾਲਣਾ ਆਪ ਦੇ ਨਾਨਕਿਆਂ ਨੇ ਕੀਤੀ।ਜੇਠਾ ਜੀ ਨੇ ਆਪਣੇ ਨਾਨਕੇ ਪਿੰਡ ਬਾਸਰਕੇ ਰਾਵੀ ਦੇ ਕਿਨਾਰੇ ਛੋਟੀ ਉਮਰ ਵਿੱਚ ਹੀ ਘੁੰਙਣੀਆਂ ਵੇਚਣੀਆਂ ਆਰੰਭ ਕੀਤੀਆਂ। ਘੁੰਙਣੀਆਂ ਵੇਚ ਕੇ ਮਿਲੇ ਪੈਸੇ ਘਰ ਦੇ ਨਿਰਬਾਹ ਵਿੱਚ ਹਿੱਸਾ ਪਾ ਦਿੰਦੇ ਸਨ। ਕਈ ਵਾਰ ਉਹ ਗ਼ਰੀਬਾਂ ਤੇ ਸਾਧੂ ਫ਼ਕੀਰਾਂ ਨੂੰ ਘੁੰਙਣੀਆਂ ਮੁਫ਼ਤ ਹੀ ਵਰਤਾ ਦਿਆ ਕਰਦੇ ਸਨ।

ਸ਼੍ਰੀ ਗੁਰੂ ਅਮਰਦਾਸ ਜੀ ਦੇ ਜਨਮ ਭੋਇੰ ਬਾਸਰਕੇ ਤੋਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਜਾ ਰਹੀਆਂ ਸਨ। ਆਪ ਵੀ ਸਿੱਖ ਸੰਗਤਾਂ ਨਾਲ ਗੋਇੰਦਵਾਲ ਸਾਹਿਬ ਆ ਗਏ। ਜਿੱਥੇ ਬਾਉਲੀ ਸਾਹਿਬ ਦੀ ਖੁਦਾਈ ਦੀ ਸੇਵਾ ਹੋ ਰਹੀ ਸੀ। ਆਪ ਵੀ ਬੜੇ ਪ੍ਰੇਮ ਨਾਲ ਸੇਵਾ ਕਰਨ ਲੱਗ ਪਏ।ਇਨ੍ਹਾਂ ਦੀ ਸੇਵਾ ਨੂੰ ਦੇਖ ਕੇ ਗੁਰੂ ਅਮਰਦਾਸ ਜੀ ਨੇ ਇਸ ਕਾਰਜ ਦਾ ਸਾਰਾ ਪ੍ਰਬੰਧ ਜੇਠਾ ਜੀ ਨੂੰ ਸੰਭਾਲਿਆ। ਜਦੋਂ ਜੇਠਾ ਜੀ ਗੋਇੰਦਵਾਲ ਸਾਹਿਬ ਆਏ, ਉਸ ਸਮੇਂ ਆਪ ਦੀ ਉਮਰ 12 ਸਾਲ ਸੀ। ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਉਸ ਸਮੇਂ ਉਮਰ

ਆਵਾਜ਼ਿ ਕੌਮ AWAZE QAUM International Newspaper & WEB TV

16 ਸਾਲ ਸੀ। ਗੁਰੂ ਰਾਮਦਾਸ ਜੀ ਨੇ 16 ਸਾਲ ਤੋਂ 22 ਸਾਲ ਤੱਕ ਗੋਇੰਦਵਾਲ ਸਾਹਿਬ ਵਿਖੇ ਸੇਵਾ ਕੀਤੀ।ਇੱਥੇ ਆਪ ਗੁਰੂ ਦਰਬਾਰ ਵਿੱਚ ਸਵੇਰੇ-ਸ਼ਾਮ ਕਥਾ-ਕੀਰਤਨ ਸਰਵਣ ਕਰਦੇ, ਗੁਰੂ ਘਰ ਦੀ ਨਿਸ਼ਕਾਮ ਸੇਵਾ ਵੀ ਮਨ ਲਾ ਕੇ ਕਰਦੇ।ਤੀਜੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਦੀਆਂ ਦੋ ਸਪੁੱਤਰੀਆਂ ਸਨ, ਬੀਬੀ ਦਾਨੀ ਤੇ ਬੀਬੀ ਭਾਨੀ ਜੀ। ਵੱਡੀ ਸਪੁੱਤਰੀ ਬੀਬੀ ਦਾਨੀ ਦਾ ਵਿਆਹ ਸ਼੍ਰੀ ਰਾਮ ਜੀ ਨਾਲ ਹੋ ਗਿਆ ਹੋਇਆ ਸੀ ਤੇ ਛੋਟੀ ਬੀਬੀ ਭਾਨੀ ਅਜੇ ਕੁਆਰੀ ਸੀ।

ਇੱਕ ਦਿਨ ਮਾਤਾ ਨੇ ਸ਼੍ਰੀ ਗੁਰੂ ਅਮਰਦਾਸ ਜੀ ਨੂੰ ਕਿਹਾ ਕਿ ਬੀਬੀ ਭਾਨੀ ਜਵਾਨ ਹੋ ਗਈ ਹੈ।ਉਸ ਦੇ ਵਾਸਤੇ ਚੰਗਾ ਲੜਕਾ ਲੱਭ ਕੇ ਉਸ ਦਾ ਵਿਆਹ ਕਰ ਦੇਣਾ ਚਾਹੀਦਾ ਹੈ।ਉਸੇ ਵੇਲੇ ਜੇਠਾ ਜੀ ਘੁੰਙਣੀਆਂ ਵੇਚਦੇ-ਵੇਚਦੇ ਉੱਥੇ ਆ ਗਏ। ਮਾਤਾ ਰਾਮ ਕੌਰ ਨੇ ਇਸ ਸੁੰਦਰ ਗੱਭਰੂ ਨੂੰ ਵੇਖ ਕੇ ਕਿਹਾ ਕਿ ਵਰ ਇਹੋ ਜਿਹਾ ਹੋਣਾ ਚਾਹੀਦਾ ਹੈ। ਗੁਰੂ ਜੀ ਨੇ ਕਿਹਾ ਇਹੋ ਜਿਹਾ ਤਾਂ ਇਹ ਹੀ ਹੈ। ਗੁਰੂ ਜੀ ਨੇ ਬਿਨਾਂ ਜਾਤ-ਪਾਤ ਜਾਂ ਪੁੱਛ-ਪੜਤਾਲ ਦੇ ਆਪਣੀ ਪੁੱਤਰੀ ਬੀਬੀ ਭਾਨੀ ਜੀ ਦੀ ਮੰਗਣੀ ਜੇਠਾ ਜੀ ਨਾਲ ਕਰ ਦਿੱਤੀ। ਕੁਝ ਦਿਨਾਂ ਮਗਰੋਂ 22 ਫੱਗਣ ਸੰਮਤ 1610, 5 ਮਾਰਚ 1553 ਈ: ਨੂੰ ਉਨ੍ਹਾਂ ਦਾ ਵਿਆਹ ਕਰ ਦਿੱਤਾ। ਜੇਠਾ ਜੀ ਦੀ ਉਮਰ ਉਸ ਸਮੇਂ 19 ਸਾਲ ਸੀ। ਗੁਰੂ ਘਰ ਦਾ ਦਾਮਾਦ ਬਣ ਕੇ ਵੀ ਆਪ ਨੇ ਲੋਕਾਂ ਦੇ ਤਾਹਨੇ-ਮਿਹਣਿਆਂ ਦੀ ਪ੍ਰਵਾਹ ਨਾ ਕੀਤੀ ਅਤੇ ਦਿਨ-ਰਾਤ ਗੁਰੂ ਘਰ ਦੀ ਸੇਵਾ ਕਰਦੇ ਰਹੇ। ਗੁਰੂ ਰਾਮਦਾਸ ਜੀ ਦੇ ਘਰ ਤਿੰਨ ਪੁੱਤਰਾਂ ਪ੍ਰਿਥੀ ਚੰਦ ਸੰਮਤ 1615, ਸੰਨ 1558 ਈ:, ਮਹਾਂਦੇਵ ਸੰਮਤ 1617, ਸੰਨ 1560 ਈ: ਤੇ (ਗੁਰੂ) ਅਰਜਨ ਦੇਵ ਸੰਮਤ 1620, ਸੰਨ 1563 ਈ: ਨੇ ਜਨਮ ਲਿਆ।

ਜੇਠਾ (ਰਾਮਦਾਸ) ਜੀ ਦਾ ਹੋਰ ਥਾਂ ਜੋ ਕੋਈ ਨਹੀਂ ਸੀ। ਸ਼੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਆਪਣੇ ਘਰ ਰੱਖ ਲਿਆ। ਜੇਠਾ ਜੀ ਤਨ-ਮਨ ਨਾਲ ਗੁਰੂ ਜੀ ਅਤੇ ਸਾਧਸੰਗਤ ਦੀ ਸੇਵਾ ਕਰਨ ਲੱਗ ਪਏ। ਜੇਠਾ ਜੀ, ਗੁਰੂ ਅਮਰਦਾਸ ਜੀ ਦੇ ਭਾਵੇਂ ਰਿਸ਼ਤੇ ਵਿੱਚ ਜਵਾਈ ਸਨ ਪਰ ਆਪ ਸਹੁਰੇ ਘਰ ਜਵਾਈ ਬਣ ਕੇ ਨਹੀਂ ਰਹੇ, ਨਹੀਂ ਤਾਂ ਜਵਾਈਆਂ ਦੀ ਆਕੜ ਦੇਖਣ ਵਾਲੀ ਹੁੰਦੀ ਹੈ।ਉਹ ਤਾਂ ਆਪਣੇ ਆਪ ਨੂੰ ਨਿਮਾਣਾ ਸੇਵਕ ਸਮਝਦੇ ਸਨ। ਗੋਇੰਦਵਾਲ ਸਾਹਿਬ ਦੀ ਬਾਉਲੀ ਦੀ ਸੇਵਾ ਸਮੇਂ ਜੇਠਾ ਜੀ ਨੇ ਬਾਕੀ ਸਿੱਖਾਂ ਵਾਂਗ ਗਾਰੇ, ਮਿੱਟੀ ਢੋਣ ਦੀ ਸੇਵਾ ਦਾ ਕੰਮ ਕੀਤਾ। ਲਾਹੌਰ ਦੇ ਸ਼ਰੀਕੇ ਦੇ ਕੁਝ ਸੱਜਣ ਕਹਿਣ ਲੱਗੇ, “ ਸਾਡਾ ਭਾਈ ਸਹੁਰੇ ਘਰ ਟੋਕਰੀ ਢੋਅ ਰਿਹਾ ਹੈ। ਜੇ ਇਸ ਨੇ ਮਜ਼ਦੂਰੀ ਹੀ ਕਰਨੀ ਸੀ ਤਾਂ ਹੋਰ ਥਾਂ ਥੋੜ੍ਹੇ ਸਨ। ਇਸ ਨੇ ਤਾਂ ਸਾਡੀ ਨੱਕ ਵਢਾ ਦਿੱਤੀ ਹੈ।” ਇਸ ਤਰ੍ਹਾਂ ਦੇ ਬੋਲ-ਕਬੋਲ ਬੋਲਦੇ ਉਹ ਸ਼੍ਰੀ ਗੁਰੂ ਅਮਰਦਾਸ ਜੀ ਕੋਲ ਪੁੱਜੇ। ਉਨ੍ਹਾਂ ਨੇ ਗੁਰੂ ਜੀ ਨੂੰ ਉਲ੍ਹਾਮਾ ਦਿੱਤਾ। ਗੁਰੂ ਜੀ ਨੇ ਮੁਸ਼ਕਰਾ ਕੇ ਕਿਹਾ, “ਪੁਰਖਾ ! ਰਾਮਦਾਸ ਦੇ ਸਿਰ ਉੱਪਰ ਗਾਰੇ ਦੀ ਟੋਕਰੀ ਨਹੀਂ, ਸਗੋਂ ਦੀਨ-ਦੁਨੀ ਦਾ ਛੱਤਰ ਹੈ। ਗੁਰੂ ਅਮਰਦਾਸ ਜੀ ਦੇ ਕਹੇ ਬਚਨ ਸੱਚ ਸਿੱਧ ਹੋਏ।

ਸ਼੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਲਈ ਯੋਗ ਵਿਅਕਤੀ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਸਿੱਖ ਇਤਿਹਾਸ ਵਿੱਚ ਇੱਕ ਸਾਖੀ ਹੈ ਕਿ ਗੁਰੂ ਜੀ ਨੇ ਭਾਈ ਰਾਮਾ ਜੀ ਤੇ ਭਾਈ ਜੇਠਾ ਜੀ ਨੂੰ ਥੜ੍ਹੇ ਬਣਾਉਣ (ਉਸਾਰਨ) ਦਾ ਹੁਕਮ ਕੀਤਾ। ਥੜ੍ਹੇ ਤਿਆਰ ਹੋਣ ਉਪਰੰਤ ਪਹਿਲੀ ਵਾਰ ਸਤਿਗੁਰਾਂ ਵੇਖ ਕੇ ਕਿਹਾ, ਠੀਕ ਨਹੀਂ। ਦੋਹਾਂ ਨੇ ਥੜ੍ਹੇ ਢਾਹ ਦਿੱਤੇ। ਦੂਜੀ ਵਾਰ ਫਿਰ ਗੁਰੂ ਅਮਰਦਾਸ ਜੀ ਵੱਲੋਂ ‘ਠੀਕ ਨਹੀਂ’ ਕਹਿਣ ਤੇ ਭਾਈ ਰਾਮਾ ਜੀ ਨੇ ਗੁੱਸਾ ਕੀਤਾ ਲੇਕਿਨ ਭਾਈ ਜੇਠਾ ਜੀ ਨੇ ਸਤਬਚਨ ਕਹਿ ਕੇ ਹੁਕਮ ਮੰਨਿਆ ਅਤੇ ਦੁਬਾਰਾ ਫਿਰ ਥੜ੍ਹੇ ਉਸਾਰੇ ਗਏ। ਫਿਰ ਨੁਕਸ ਕੱਢ ਕੇ ਥੜ੍ਹੇ ਢੁਹਾ ਦਿੱਤੇ ਗਏ। ਭਾਈ ਰਾਮਾ ਜੀ ਦਾ ਤਿੰਨ ਵਾਰ ਥੜ੍ਹੇ ਉਸਾਰਨ ਉਪਰੰਤ ਸਿਦਕ ਡੋਲ ਗਿਆ ਤੇ ਕਹਿਣ ਲੱਗਾ, ਇਸ ਤੋਂ ਚੰਗੇ ਹੋਰ ਕਿਹੜੇ ਬਣ ਜਾਣਗੇ। ਗੁਰੂ ਸਾਹਿਬ ਨੇ ਭਾਈ ਜੇਠਾ ਨੂੰ ਜਦੋਂ ਥੜ੍ਹਾ ਢਾਹੁਣ ਦਾ ਹੁਕਮ ਕੀਤਾ ਤਾਂ ਪ੍ਰੇਮ ਵਿੱਚ ਭਿੱਜੇ ਭਾਈ ਜੇਠਾ ਜੀ ਨੇ ਨਿਮਰਤਾ ਨਾਲ ਥੜ੍ਹਾ ਢਾਹ ਦਿੱਤਾ। ਅਸਲ ਵਿੱਚ ਇਹ ਥੜ੍ਹੇ ਨਹੀਂ ਸਨ ਬਣਾਏ ਜਾ ਰਹੇ, ਇਹ ਤਖ਼ਤ (ਗੁਰਗੱਦੀ) ਤੇ ਬਿਠਾਉਣ ਦੀ ਪ੍ਰੀਖਿਆ ਹੋ ਰਹੀ ਸੀ। ਭਾਈ ਜੇਠਾ ਜੀ ਦੀ ਨਿਮਰਤਾ ਅਤੇ ਗੁਣਾਂ ਨੂੰ ਦੇਖ ਕੇ ਗੁਰੂ ਅਮਰਦਾਸ ਜੀ ਨੇ ਭਾਦੋਂ ਸੁਦੀ 13 ਸੰਮਤ 1531, 30 ਅਗਸਤ 1574 ਈ: ਦਿਨ ਸੋਮਵਾਰ ਨੂੰ ਸਾਰੀ ਸੰਗਤ ਤੇ ਆਪਣੇ ਸਾਰੇ ਪਰਿਵਾਰ ਦੇ ਸਾਹਮਣੇ ਆਪ ਨੂੰ ਗੁਰਿਆਈ ਦੀ ਜ਼ੁੰਮੇਵਾਰੀ ਸੌਂਪੀ। ਜੇਠਾ ਜੀ ਗੁਰੂ ਰਾਮਦਾਸ ਜੀ ਕਰਕੇ ਪ੍ਰਸਿੱਧ ਹੋਏ।

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪ ਸਿਰਜਣਹਾਰੈ ਧਾਰਿਆ॥7॥1॥
(ਰਾਮਕਲੀ ਕੀ ਵਾਰ, 968)

ਗੁਰੂ ਰਾਮਦਾਸ ਜੀ ਨੇ ਸਮਰਾਟ ਅਕਬਰ ਵੱਲੋਂ ਬੀਬੀ ਭਾਨੀ ਜੀ ਨੂੰ ਭੇਟਾ ਕੀਤੀ ਜ਼ਮੀਨ ਉੱਤੇ ਇੱਕ ਨਵਾਂ ਚੱਕ ‘ਸੰਤੋਖਸਰ’ ਅਤੇ ‘ਅੰਮ੍ਰਿਤਸਰ’ ਦੀ ਖੁਦਾਈ ਦਾ ਕੰਮ ਸ਼ੁਰੂ ਕਰਾਇਆ ਅਤੇ ਇੱਥੇ ਹੀ ਰਹਿਣ ਲੱਗ ਪਏ। ਜਿਸ ਦਾ ਨਾਂ ਆਪ ਨੇ ‘ਗੁਰੂ ਕਾ ਚੱਕ’ ਰੱਖਿਆ। ਵੱਖ-ਵੱਖ ਕਿੱਤਿਆਂ ਵਾਲੇ ਬੰਦੇ (ਵਿਅਕਤੀ) ਇੱਥੇ ਵਸਾਏ। ਹਰ ਤਰ੍ਹਾਂ ਦਾ ਕਾਰ-ਵਿਹਾਰ ਇੱਥੇ ਹੋਣ ਲੱਗਾ। ਆਪ ਨੇ ਸੰਮਤ 1634, ਸੰਨ 1577 ਈ: ਵਿੱਚ ਦੁੱਖ-ਭੰਜਨੀ ਦੇ ਕੋਲ ਇੱਕ ਸਰੋਵਰ ਦੀ ਖ਼ੁਦਵਾਈ ਆਰੰਭੀ ,ਸਰੋਵਰ ’ਚ ਜਲ ਭਰਵਾਇਆ। ਇਸ ਸਰੋਵਰ ਨੂੰ ਮਗਰੋਂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਗੁਰੂ ਜੀ ਨੇ ਆਪਣੇ ਨਿਵਾਸ ਲਈ ਮਕਾਨ ਵੀ ਬਣਾਇਆ, ਉਸ ਦਾ ਨਾਂ ‘ਗੁਰੂ ਕੇ ਮਹਿਲ’ ਰੱਖਿਆ। ਇਹ ਮਹਿਲ ਹੁਣ ਤੱਕ ਮੌਜੂਦ ਹਨ।

ਗੁਰੂ ਰਾਮਦਾਸ ਜੀ ਨੇ 22 ਮੰਜੀਆਂ ਤੋਂ ਇਲਾਵਾ ਮਸੰਦ ਸਿਸਟਮ ਕਾਇਮ ਕੀਤਾ। ਇਹ ਮਸੰਦ ਦੂਰ-ਦੂਰ ਤੋਂ ਗੁਰੂ ਨਾਨਕ ਗੱਦੀ ਲਈ ਰੁਪਇਆ ਇਕੱਠਾ ਕਰਕੇ ਗੁਰੂ ਜੀ ਪਾਸ ਲਿਆਉਂਦੇ। ਗੁਰੂ ਰਾਮਦਾਸ ਜੀ ਨੇ ਪੰਜਾਬ ਤੋਂ ਬਾਹਰ ਸਿੱਖ ਸੰਗਤਾਂ ਨਾਲ ਸੰਪਰਕ ਕਾਇਮ ਕਰਕੇ ਚੰਗੇ ਵਿਦਵਾਨ, ਪ੍ਰਚਾਰਕ ਬਾਹਰ ਭੇਜੇ।

ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿੱਚ ਬਾਣੀ ਉਚਾਰੀ, ਗੁਰੂ ਅੰਗਦ ਦੇਵ ਤੇ ਗੁਰੂ ਅਮਰਦਾਸ ਜੀ ਨੇ ਕਿਸੇ ਨਵੇਂ ਰਾਗ ਦਾ ਪ੍ਰਯੋਗ ਨਹੀਂ ਕੀਤਾ। ਗੁਰੂ ਰਾਮਦਾਸ ਜੀ ਨੇ 11 ਹੋਰ ਨਵੇਂ ਰਾਗਾਂ ਦਾ ਵੀ ਪ੍ਰਯੋਗ ਕੀਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ 31 ਰਾਗਾਂ ਵਿੱਚ ਹੈ। ਗੁਰੂ ਰਾਮਦਾਸ ਜੀ ਦੇ ਗੁਰੂ ਗ੍ਰੰਥ ਸਾਹਿਬ ਵਿੱਚ 30 ਰਾਗਾਂ ’ਚ 679 ਸ਼ਬਦ ਹਨ। ਇਹ ਸ਼ਬਦ ਰਾਗ ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ ਨਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ, ਕਲਿਆਣ ਰਾਗਾਂ ਵਿੱਚ ਹਨ। ਗੁਰੂ ਰਾਮਦਾਸ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵੱਧ ਅੱਠ ਵਾਰਾਂ ਵਿੱਚ ਕਈ ਸਲੋਕ ਉਪਦੇਸ਼ ਰੂਪ ਵਿੱਚ ਹਨ। ਆਸਾ ਕੀ ਵਾਰ ਵਿੱਚ ਸਾਰੇ ਛੰਤ ਗੁਰੂ ਰਾਮਦਾਸ ਜੀ ਦੇ ਹਨ। ਲਾਹੌਰ ਚੂਨਾ ਮੰਡੀ ਵਿੱਚ ਆਸਾ ਕੀ ਵਾਰ ਦੀ ਮਰਯਾਦਾ ਤੋਰੀ ਸੀ। ਸਿੱਖ ਜਗਤ ਵਿੱਚ ਪ੍ਰਚਲਿਤ ਚਾਰ ਲਾਵਾਂ ਸ਼੍ਰੀ ਗੁਰੂ ਰਾਮਦਾਸ ਜੀ ਨੇ ਉਚਾਰੀਆਂ ਹਨ। ਜੋ ਗੁਰਸਿੱਖਾਂ ਦੇ ਵਿਆਹ ਵਿੱਚ ਅਨੰਦ-ਕਾਰਜ ਸਮੇਂ ਪੜ੍ਹੀਆਂ ਜਾਂਦੀਆਂ ਹਨ। ਭੱਟਾਂ ਨੇ ਪੰਜ ਗੁਰੂ ਸਾਹਿਬਾਨ ਦੀ ਉਪਮਾ ਵਿੱਚ ਕੇਵਲ 123 ਸਵੱਈਏ ਉਚਾਰੇ ਹਨ। ਉਨ੍ਹਾਂ ਵਿੱਚੋਂ 60 ਤਾਂ ਨਿਰੋਲ ਗੁਰੂ ਰਾਮਦਾਸ ਜੀ ਦੀ ਉਪਮਾ ਵਿੱਚ ਹਨ।

ਗਰੀਨਲੀਜ਼ ਨੇ ਗੁਰੂ ਰਾਮਦਾਸ ਜੀ ਨੂੰ ਸੇਵਾ ਦਾ ਪੁੰਜ ਕਿਹਾ ਹੈ। ਸੇਠ ਜਗਤ ਰਾਮ ਨੇ ਗੁਰੂ ਜੀ ਨੂੰ ਕੈਂਠਾ ਦਿੱਤਾ ਆਪ ਨੇ ਲੋੜਵੰਦ ਨੂੰ ਉਸੇ ਵੇਲੇ ਦੇ ਦਿੱਤਾ। ਇੱਕ ਮਾਈ ਨੇ ਬੜੇ ਚਾਅ ਨਾਲ ਮੋਤੀਆਂ ਦੀ ਮਾਲਾ ਦਿੱਤੀ। ਆਪ ਨੇ ਇੱਕ ਮੁਹਤਾਜ ਨੂੰ ਫੜਾ ਦਿੱਤੀ। ਗੁਰੂ ਅਮਰਦਾਸ ਜੀ ਨੇ ਆਪ ਨੂੰ ਇੱਕ ਕੀਮਤੀ ਮਾਲਾ ਦਿੱਤੀ। ਆਪ ਨੇ ਰਾਹ ਵਿੱਚ ਬੈਠੇ ਮਲੰਗ ਨੂੰ ਦੇ ਦਿੱਤੀ। ਬਾਦਸ਼ਾਹ ਨੇ ਪਿੰਡਾਂ ਦੇ ਪਟੇ ਦਿੱਤੇ ਆਪ ਜੀ ਨੇ ਆਲੇ (ਖਾਨੇ) ਵਿੱਚ ਰੱਖ ਦਿੱਤੇ। ਅਕਬਰ ਨੇ ਮੋਹਰਾਂ ਭੇਟ ਕੀਤੀਆਂ ਆਪ ਨੇ ਉਸੇ ਵੇਲੇ ਵੰਡਵਾ ਦਿੱਤੀਆਂ। ਰਸਦਾਂ ਆਈਆਂ ਲੋਕਾਂ ਵਿੱਚ ਵਰਤਾ ਦਿੱਤੀਆਂ।

ਗੁਰੂ ਰਾਮਦਾਸ ਜੀ ਵੱਲੋਂ ਨਿਰਮਾਣ ਕੀਤੇ ਸਰੋਵਰ ਤੇ ਸ਼੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਦੀ ਮਹਾਨਤਾ ਬਾਰੇ ਗੁਰਬਾਣੀ ਵਿੱਚ ਅੰਕਿਤ ਹੈ।

ਸੰਤਹੁ ਰਾਮਦਾਸ ਸਰੋਵਰੁ ਨੀਕਾ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥
(ਸੋਰਠਿ ਮਹਲਾ 5, ਅੰਗ 623)

ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥
ਨਿਰਮਲ ਹੋਇ ਕਰਿ ਇਸਨਾਨਾ॥ ਗੁਰਿ ਪੂਰੇ ਕੀਨੇ ਦਾਨਾ॥1॥1॥ 65॥
(ਸੋਰਠਿ ਮਹਲਾ 5, ਅੰਗ 625)

ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ। ਸਭ ਤੋਂ ਵੱਡੇ ਪ੍ਰਿਥੀ ਚੰਦ ਕੰਮ-ਕਾਜ, ਆਮਦਨ-ਖ਼ਰਚ, ਆਏ-ਗਏ ਦੀ ਸੰਭਾਲ ਵਾਲਾ, ਚੁਸਤ ਸੀ। ਦੂਸਰਾ ਪੁੱਤਰ ਮਹਾਂਦੇਵ ਵੀ ਸਾਧੂ-ਸੁਭਾਅ ਦੇ ਸਨ ਕਿਸੇ ਕੰਮ ਵਿੱਚ ਰੁਚੀ ਨਹੀਂ ਰੱਖਦੇ ਸਨ। ਤੀਜੇ ਪੁੱਤਰ (ਗੁਰੂ) ਅਰਜਨ ਦੇਵ ਜੀ ਵਿੱਚ ਗੁਰਸਿੱਖ ਵਾਲੇ ਸਾਰੇ ਗੁਣ ਸਨ। ਗੁਰੂ ਰਾਮਦਾਸ ਜੀ ਨੇ ਬੜੀ ਸੋਚ ਵਿਚਾਰ ਤੇ ਪਰਖ ਮਗਰੋਂ ਗੁਰਤਾ-ਗੱਦੀ ਦੀ ਜ਼ੁੰਮੇਵਾਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪਣ ਦਾ ਫੈਸਲਾ ਕੀਤਾ ਤਾਂ ਪ੍ਰਿਥੀ ਚੰਦ ਕਰੋਧ ਵਿੱਚ ਆ ਗਿਆ। ਉਹ ਬੜਾ ਨਾਰਾਜ਼ ਹੋਇਆ, ਗੁਰੂ ਜੀ ਨਾਲ ਲੜਿਆ। ਗੁਰੂ ਜੀ ਨੇ ਉਸ ਨੂੰ ਸਮਝਾਇਆ ਪਰ ਉਸ ਉੱਪਰ ਕੋਈ ਅਸਰ ਨਾ ਹੋਇਆ।

ਗੁਰੂ ਰਾਮਦਾਸ ਜੀ ਸੱਚ-ਖੰਡ ਦਾ ਸਮਾਂ ਨੇੜੇ ਆਇਆ ਜਾਣ ਕੇ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ। ਭਾਦੋਂ ਸੁਦੀ 3, 2 ਅੱਸੂ ਸੰਮਤ 1538 ਬਿਕਰਮੀ ਮੁਤਾਬਿਕ 1 ਸਤੰਬਰ 1581 ਈ: ਨੂੰ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਦੀ ਰਸਮ ਅਦਾ ਕਰਕੇ 47 ਸਾਲ (ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 46 ਸਾਲ 11 ਮਹੀਨੇ 7 ਦਿਨ) ਉਮਰ ਭੋਗ ਕੇ ਜੋਤੀ-ਜੋਤਿ ਸਮਾ ਗਏ।

**-ਕਰਨੈਲ ਸਿੰਘ ਐੱਮ.ਏ.**




ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




--✶ ਵੱਲੋਂ ✶--



# ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ

## (ਬਾਨੀ ਇੰਟਰਨੈਸ਼ਨਲ ਪੰਥਕ ਦਲ)

## ਅਤੇ

## ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ



# ਸ੍ਰੀ ਹਰਿਮੰਦਰ ਸਾਹਿਬ

ਦੇ ਸਿਰਜਨਹਾਰ ਚੌਥੇ ਪਾਤਿਸ਼ਾਹ

## ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

ਦੇ

# ਪ੍ਰਕਾਸ਼ ਗੁਰਪੁਰਬ

ਦੀ ਸਮੂਹ ਸਾਧ ਸੰਗਤ ਨੂੰ

## ਲੱਖ-ਲੱਖ ਵਧਾਈ



## ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ

ਮੁਖੀ ਦਮਦਮੀ ਟਕਸਾਲ,

ਜਥਾ ਭਿੰਡਰਾਂ, ਮਹਿਤਾ ਅਤੇ ਪ੍ਰਧਾਨ ਸੰਤ ਸਮਾਜ




--★ ਵੱਲੋਂ ★--

# ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ

**ਚੇਅਰਮੈਨ, ਸੁੱਖ ਸਿਮਰਨ ਸੇਵਾ ਟਰੱਸਟ (ਰਜਿ.)**
**ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ**
**ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ**




ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਰਘਵੀਰ ਸਿੰਘ ਵਾਲਸਾਲ
ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ
ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.




--✶ ਵੱਲੋਂ ✶--

# ਭਾਈ ਕਪਤਾਨ ਸਿੰਘ

(ਇੰਗਲੈਂਡ)

ਜਨਰਲ ਸਕੱਤਰ ਅਤੇ ਮੁੱਖ ਬੁਲਾਰਾ

ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.




ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਪਰਮਜੀਤ ਸਿੰਘ ਢਾਡੀ
ਵੈਨਸਫੀਲਡ, ਅੰਤਰਰਾਸ਼ਟਰੀ ਚੀਫ਼ ਆਰਗੇਨਾਈਜ਼ਰ
ਇੰਟਰਨੈਸ਼ਨਲ ਪੰਥਕ ਦਲ






ਵੱਲੋਂ

# ਸੰਤ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ, ਭਿੰਡਰਾਂਵਾਲੇ
ਅੰਤਰਰਾਸ਼ਟਰੀ ਮੁੱਖ ਬੁਲਾਰਾ
ਇੰਟਰਨੈਸ਼ਨਲ ਪੰਥਕ ਦਲ


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਬਿਕਰਮਜੀਤ ਸਿੰਘ ਵਾਲਸਾਲ
ਆਗੂ
ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.






--✶ ਵੱਲੋਂ ✶--

# ਭਾਈ ਰਘਵੀਰ ਸਿੰਘ ਮਾਲੜੀ

ਨੋਟਿੰਘਮ,

ਚੀਫ਼ ਆਰਗੇਨਾਈਜ਼ਰ

ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.



ਸ੍ਰੀ ਹਰਿਮੰਦਰ ਸਾਹਿਬ

ਦੇ ਸਿਰਜਨਹਾਰ ਚੌਥੇ ਪਾਤਿਸ਼ਾਹ

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

ਦੇ

ਪ੍ਰਕਾਸ਼ ਗੁਰਪੁਰਬ

ਦੀ ਸਮੂਹ ਸਾਧ ਸੰਗਤ ਨੂੰ

ਲੱਖ-ਲੱਖ ਵਧਾਈ

ਭਾਈ ਰਘਵੀਰ ਸਿੰਘ ਬੀੜ੍ਹਾ

ਬਰਮਿੰਘਮ, ਪੰਥਕ ਆਗੂ

ਪ੍ਰਧਾਨ ਗੁਰਦੁਆਰਾ ਬਾਬਾ ਸੰਗ ਜੀ, ਬਰਮਿੰਘਮ








--★ ਵੱਲੋਂ ★--

# ਭਾਈ ਸੰਤੋਖ ਸਿੰਘ

ਕਵੈਂਟਰੀ, ਆਗੂ,
ਇੰਟਰਨੈਸ਼ਨਲ ਪੰਥਕ ਦਲ
ਯੂ. ਕੇ.


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਮਨਜਿੰਦਰ ਸਿੰਘ
ਆਗੂ, ਇੰਟਰਨੈਸ਼ਨਲ ਪੰਥਕ ਦਲ
ਯੂ. ਕੇ. (ਇੰਗਲੈਂਡ)






--✶ ਵੱਲੋਂ ✶--

# ਭਾਈ ਹਰਜਿੰਦਰ ਸਿੰਘ ਬ੍ਰੈਡਫੋਰਡ

## ਸੀਨੀਅਰ ਮੀਤ ਪ੍ਰਧਾਨ
## ਇੰਟਰਨੈਸ਼ਨਲ ਪੰਥਕ ਦਲ
## ਯੂ. ਕੇ. (ਇੰਗਲੈਂਡ)


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੂਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਸੁਰਿੰਦਰਪਾਲ ਸਿੰਘ ਵਾਲਸਾਲ
ਆਗੂ, ਇੰਟਰਨੈਸ਼ਨਲ ਪੰਥਕ ਦਲ,
ਯੂ. ਕੇ.






--★ ਵੱਲੋਂ ★--

# ਬਾਬਾ ਬਘੇਲ ਸਿੰਘ ਬਰਮਿੰਘਮ

**ਸਿੱਖ ਪ੍ਰਚਾਰਕ ਦਮਦਮੀ ਟਕਸਾਲ**

**ਜਥੇਦਾਰ ਧਾਰਮਿਕ ਵਿੰਗ, ਇੰਟਰਨੈਸ਼ਨਲ ਪੰਥਕ ਦਲ,**
**ਇੰਗਲੈਂਡ ਅਤੇ ਯੂਰਪ**


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਚਰਨਜੀਤ ਸਿੰਘ ਡਰਬੀ
ਆਗੂ,
ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.






--✶ ਵੱਲੋਂ ✶--

# ਭਾਈ ਮੱਖਣ ਸਿੰਘ ਇਰਾਨੀ

ਬਰਮਿੰਘਮ

ਆਗੂ,

ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਸ਼ਮਸ਼ੇਰ ਬਹਾਦਰ ਸਿੰਘ
ਲੈਸਟਰ, ਆਗੂ
ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.






--✶ ਵੱਲੋਂ ✶--

# ਭਾਈ ਬਲਜੀਤ ਸਿੰਘ ਕੰਗ

ਬਰਮਿੰਘਮ

ਪੰਥਕ ਸੇਵਾਦਾਰ


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਗੁਰਵਿੰਦਰ ਸਿੰਘ ਬਾਜਵਾ
ਆਗੂ, ਇੰਟਰਨੈਸ਼ਨਲ ਪੰਥਕ ਦਲ
ਯੂ. ਕੇ.






--✶ ਵੱਲੋਂ ✶--

# ਭਾਈ ਜਸਪਾਲ ਸਿੰਘ

ਆਗੂ
ਇੰਟਰਨੈਸ਼ਨਲ ਪੰਥਕ ਦਲ
ਯੂ. ਕੇ.



ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਅਪਿੰਦਰਪਾਲ ਸਿੰਘ ਹੈਪੀ
ਬਰਮਿੰਘਮ (ਇੰਗਲੈਂਡ)
ਆਗੂ, ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.






--✶ ਵੱਲੋਂ ✶--

ਜਥੇਦਾਰ ਸਵਰਨਜੀਤ ਸਿੰਘ ਜੀ

ਮੁਖੀ

ਤਰਨਾ ਦਲ ਦੋਆਬਾ


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਸੰਤ ਸਤਨਾਮ ਸਿੰਘ ਜੀ ਵੱਲੀਆਂ
ਪ੍ਰਧਾਨ, ਧਾਰਮਿਕ ਵਿੰਗ
ਇੰਟਰਨੈਸ਼ਨਲ ਪੰਥਕ ਦਲ






--★ ਵੱਲੋਂ ★--

# ਭਾਈ ਪ੍ਰਗਟ ਸਿੰਘ

ਪ੍ਰਧਾਨ
ਇੰਟਰਨੈਸ਼ਨਲ ਪੰਥਕ ਦਲ
ਇਟਲੀ



# ਸ੍ਰੀ ਹਰਿਮੰਦਰ ਸਾਹਿਬ

ਦੇ ਸਿਰਜਨਹਾਰ ਚੌਥੇ ਪਾਤਿਸ਼ਾਹ

# ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

ਦੇ

# ਪ੍ਰਕਾਸ਼ ਗੁਰਪੁਰਬ

ਦੀ ਸਮੂਹ ਸਾਧ ਸੰਗਤ ਨੂੰ

# ਲੱਖ-ਲੱਖ ਵਧਾਈ

## ਬਾਬਾ ਸੱਜਣ ਸਿੰਘ ਜੀ

ਵਾੜਾ ਸ਼ੇਰ ਸਿੰਘ

ਮੁੱਖ ਸਲਾਹਕਾਰ, ਇੰਟਰਨੈਸ਼ਨਲ ਪੰਥਕ ਦਲ








--✶ ਵੱਲੋਂ ✶--

# ਭਾਈ ਅਮਰੀਕ ਸਿੰਘ ਤੂਰ, ਡਰਬੀ

ਆਗੂ
ਇੰਟਰਨੈਸ਼ਨਲ ਪੰਥਕ ਦਲ,
ਯੂ. ਕੇ.



ਸ੍ਰੀ ਹਰਿਮੰਦਰ ਸਾਹਿਬ

ਦੇ ਸਿਰਜਨਹਾਰ ਚੌਥੇ ਪਾਤਿਸ਼ਾਹ

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

ਦੇ

ਪ੍ਰਕਾਸ਼ ਗੁਰਪੁਰਬ

ਦੀ ਸਮੂਹ ਸਾਧ ਸੰਗਤ ਨੂੰ

ਲੱਖ-ਲੱਖ ਵਧਾਈ

ਭਾਈ ਨਛੱਤਰ ਸਿੰਘ

ਛੋਕਰ

ਪੰਥਕ ਸੇਵਾਦਾਰ, ਇੰਗਲੈਂਡ








--✶ ਵੱਲੋਂ ✶--

# ਜਥੇਦਾਰ ਦਲੀਪ ਸਿੰਘ ਚਕਰ

## ਕਨਵੀਨਰ

## ਇੰਟਰਨੈਸ਼ਨਲ ਪੰਥਕ ਦਲ




## ਜਥੇਦਾਰ ਦਰਸ਼ਨ ਸਿੰਘ ਮੰਡ

### ਸੀਨੀਅਰ ਅਕਾਲੀ ਆਗੂ








--✶ ਵੱਲੋਂ ✶--

ਸੰਤ ਬਾਬਾ ਜਤਿੰਦਰ ਸਿੰਘ
ਗੋਬਿੰਦਬਾਗ ਵਾਲੇ
ਕਾਰਜਕਾਰੀ ਪ੍ਰਧਾਨ
ਇੰਟਰਨੈਸ਼ਨਲ ਪੰਥਕ ਦਲ


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਗੁਰਦੀਪ ਸਿੰਘ ਬਠਿੰਡਾ
ਪ੍ਰਧਾਨ
ਯੂਨਾਈਟਿਡ ਅਕਾਲੀ ਦਲ






--✶ ਵੱਲੋਂ ✶--

ਭਾਈ ਜਗਤਾਰ ਸਿੰਘ ਰੋਡੇ

ਮੈਂਬਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ



# ਸ੍ਰੀ ਹਰਿਮੰਦਰ ਸਾਹਿਬ

ਦੇ ਸਿਰਜਨਹਾਰ ਚੌਥੇ ਪਾਤਿਸ਼ਾਹ

## ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

ਦੇ

# ਪ੍ਰਕਾਸ਼ ਗੁਰਪੁਰਬ

ਦੀ ਸਮੂਹ ਸਾਧ ਸੰਗਤ ਨੂੰ

## ਲੱਖ-ਲੱਖ ਵਧਾਈ



## ਸ. ਅਰਸ਼ਦੀਪ ਸਿੰਘ ਸਮਰਾ

ਮੁੱਖ ਸੰਪਾਦਕ

ਅੱਜ ਦੀ ਆਵਾਜ਼






--✶ ਵੱਲੋਂ ✶--

# ਹਰਕ੍ਰਿਸ਼ਨ ਸਿੰਘ ਕੋਠੇਜੀਵਾ

## ਪ੍ਰਧਾਨ ਦਿਹਾਤੀ ਜ਼ਿਲ੍ਹਾ ਲੁਧਿਆਣਾ


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਹਰਚੰਦ ਸਿੰਘ ਚਕਰ
ਪ੍ਰਧਾਨ,
ਇੰਟਰਨੈਸ਼ਨਲ ਪੰਥਕ ਦਲ






--✶ ਵੱਲੋਂ ✶--

ਬਾਬਾ ਨਛੱਤਰ ਸਿੰਘ ਜੀ
ਭੈਣੀ ਮੱਸਾ ਸਿੰਘ
ਪ੍ਰਧਾਨ
ਆਸਟਰੀਆ (ਯੂਰਪ)



ਸ੍ਰੀ ਹਰਿਮੰਦਰ ਸਾਹਿਬ

ਦੇ ਸਿਰਜਨਹਾਰ ਚੌਥੇ ਪਾਤਿਸ਼ਾਹ

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

ਦੇ

ਪ੍ਰਕਾਸ਼ ਗੁਰਪੁਰਬ

ਦੀ ਸਮੂਹ ਸਾਧ ਸੰਗਤ ਨੂੰ

ਲੱਖ-ਲੱਖ ਵਧਾਈ



ਭਾਈ ਅਮੋਲਕ ਸਿੰਘ ਅਖਾੜਾ

ਪੀ. ਏ.

ਬਾਬਾ ਜੋਗਿੰਦਰ ਸਿੰਘ ਜੀ

ਆਵਾਜ਼ਿ ਕੌਮ AWAZE QAUM

ਸਮੁੱਚੀ ਸਿੱਖ ਕੌਮ ਦੀਆਂ ਕੌਮੀ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਭਾਈ ਸੰਦੀਪ ਸਿੰਘ ਸੰਨੀ ਦੇ ਵੱਡੇ ਭਰਾਤਾ

# ਭਾਈ ਮਨਦੀਪ ਸਿੰਘ ਜੀ ਖ਼ਾਲਸਾ ਹੋਣਗੇ ਤਰਨਤਾਰਨ ਤੋਂ ਉਮੀਦਵਾਰ : ਬਾਪੂ ਤਰਸੇਮ ਸਿੰਘ



**ਅੰਮ੍ਰਿਤਸਰ 7 ਅਕਤੂਬਰ ( ਆਵਾਜ਼ਿ ਕੌਮ ਬਿਊਰੋ )**-ਅੱਜ ਅੰਮ੍ਰਿਤਸਰ ਪ੍ਰੈਸ ਕਲੱਬ ਵਿਖੇ ਇਕ ਮਹੱਤਵਪੂਰਨ ਪ੍ਰੈਸ ਕਾਨਫਰੰਸ, ਬਾਪੂ ਤਰਸੇਮ ਸਿੰਘ ਜੀ (ਪਿਤਾ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ) ਅਤੇ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖਾਲਸਾ ਦੀ ਅਗਵਾਈ ਹੇਠ ਕੀਤੀ ਗਈ। ਇਸ ਦੌਰਾਨ ਉਹਨਾਂ ਵੱਲੋਂ ਤਰਨਤਾਰਨ ਜ਼ਿਮਨੀ ਚੋਣ ਲਈ ਭਾਈ ਸੰਦੀਪ ਸਿੰਘ ਸੰਨੀ ਦੇ ਭਰਾਤਾ ਭਾਈ ਮਨਦੀਪ ਸਿੰਘ ਜੀ ਖ਼ਾਲਸਾ ਨੂੰ ਸਮੁੱਚੀ ਕੌਮ ਦੀਆਂ ਕੌਮੀ ਭਾਵਨਾਵਾਂ ਅਤੇ ਭਾਈ ਸੰਦੀਪ ਸਿੰਘ ਸੰਨੀ ਵੱਲੋਂ ਕੀਤੀ ਕੁਰਬਾਨੀ ਨੂੰ ਮੁੱਖ ਰੱਖਦਿਆਂ, ਪੰਥ ਅਤੇ ਪੰਜਾਬੀਆਂ ਨੂੰ ਜ਼ੁਲਮਾਂ ਵਿਰੁੱਧ ਇੱਕਜੁੱਟ ਕਰਨ ਲਈ ਉਮੀਦਵਾਰ ਐਲਾਨਿਆ ਗਿਆ। ਇਸ ਪ੍ਰੈਸ ਕਾਨਫਰੰਸ ਮੌਕੇ ਬਾਪੂ ਤਰਸੇਮ ਸਿੰਘ ਜੀ ਤੋਂ ਇਲਾਵਾ ਐਲਾਨੇ ਗਏ ਉਮੀਦਵਾਰ ਭਾਈ ਸੰਦੀਪ ਸਿੰਘ ਸੰਨੀ ਦੇ ਵੱਡੇ ਭਰਾਤਾ ਭਾਈ ਮਨਦੀਪ ਸਿੰਘ ਜੀ, ਪਰਿਵਾਰਕ ਮੈਂਬਰਾਂ ਵਿੱਚੋਂ ਭਰਾਤਾ ਭਾਈ ਹਰਦੀਪ ਸਿੰਘ ਜੀ, ਬੀਬੀ ਗੁਰਪ੍ਰੀਤ ਕੌਰ ਪਤਨੀ ਭਾਈ ਸੰਦੀਪ ਸਿੰਘ, ਮਾਤਾ ਨਿਰਮਲ ਕੌਰ ਜੀ ਅਤੇ ਇਸ ਤੋਂ ਇਲਾਵਾ ਭਾਈ ਪਰਮਜੀਤ ਸਿੰਘ ਜੀ ਜੌਹਲ, ਭਾਈ ਹਰਭਜਨ ਸਿੰਘ ਜੀ ਤੁੜ, ਭਾਈ ਅਮਰਜੀਤ ਸਿੰਘ ਜੀ ਵੰਨਚਿੜੀ, ਸਰਦਾਰ ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਾਈ ਸੁਖਦੇਵ ਸਿੰਘ ਜੀ ਕਾਦੀਆਂ, ਭਾਈ ਗੁਰਦੀਪ ਸਿੰਘ ਬਠਿੰਡਾ, ਸ. ਸ਼ਮਸ਼ੇਰ ਸਿੰਘ ਪੱਧਰੀ ਐਡਵੋਕੇਟ ਕਰਮਵੀਰ ਸਿੰਘ ਪੰਨੂ, ਸ. ਭੁਪਿੰਦਰ ਸਿੰਘ ਗੱਦਲੀ ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਮੋਹਕਮ ਸਿੰਘ ਜੀ ਅਤੇ ਹੋਰ ਬਹੁਤ ਪ੍ਰਮੁੱਖ ਸ਼ਖਸ਼ੀਅਤਾਂ ਹਾਜ਼ਰ ਸਨ। ਇਸ ਮੌਕੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਬਾਪੂ ਤਰਸੇਮ ਸਿੰਘ ਜੀ ਨੇ ਕਿਹਾ ਕਿ "ਤਰਨਤਾਰਨ ਦੀ ਇਹ ਚੋਣ ਸਿਰਫ਼ ਇਕ ਸਿਆਸੀ ਮੁਕਾਬਲਾ ਨਹੀਂ, ਸਗੋਂ ਸੱਚਾਈ, ਇਨਸਾਫ਼ ਅਤੇ ਜਬਰ ਜ਼ੁਲਮ ਦੇ ਖਿਲਾਫ ਲੜਾਈ ਹੈ। ਜਿਨ੍ਹਾਂ ਨੇ ਤਰਨਤਾਰਨ ਨੂੰ ਹਮੇਸ਼ਾ ਨਸ਼ੇ, ਭ੍ਰਿਸ਼ਟਾਚਾਰ ਤੇ ਧੋਖੇ ਦੀ ਸਿਆਸਤ ਦੇ ਰਾਹ 'ਤੇ ਧੱਕਿਆ, ਉਹਨਾਂ ਨੂੰ ਲੋਕ ਹੁਣ ਮੁੜ ਮੌਕਾ ਨਹੀਂ ਦੇਣਗੇ।" ਉਹਨਾਂ ਨੇ ਕਿਹਾ ਕਿ ਪੁਰਾਣੇ ਦੌਰ ਵਿੱਚ ਸਾਡੇ ਨੌਜਵਾਨਾਂ ਅਤੇ ਸਿੱਖਾਂ ਦਾ ਵੱਡੇ ਪੱਧਰ ਉੱਪਰ ਘਾਣ ਕੀਤਾ ਗਿਆ। ਜਿਸ ਤਹਿਤ ਹੀ ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਅਤੇ ਹੋਰ ਹਜ਼ਾਰਾਂ ਹੀ ਬੇਦੋਸ਼ੇ ਨੌਜਵਾਨਾਂ, ਸੰਤਾਂ ਮਹਾਂਪੁਰਸ਼ਾਂ, ਬੀਬੀਆਂ, ਬਜ਼ੁਰਗਾਂ, ਬੱਚਿਆਂ ਨੂੰ ਸਰਕਾਰਾਂ ਦੀ ਰਹਿਨੁਮਾਈ ਹੇਠ ਸੂਬਾ ਸਰਹੰਦ ਵਰਗੇ ਦੁਸ਼ਟ ਪੁਲਿਸ ਅਫਸਰਾਂ ਵੱਲੋਂ ਵੱਡੇ ਪੱਧਰ ਤੇ ਕਤਲ ਕੀਤਾ ਗਿਆ। ਬਾਪੂ ਤਰਸੇਮ ਸਿੰਘ ਜੀ ਨੇ ਇਹ ਵੀ ਕਿਹਾ ਕਿ ਭਾਈ ਮਨਦੀਪ ਸਿੰਘ ਜੀ ਸਮੁੱਚੇ ਖ਼ਾਲਸਾ ਪੰਥ ਦੇ ਉਮੀਦਵਾਰ ਹਨ, ਜਿਨ੍ਹਾਂ ਦੇ ਰੂਪ ਵਿੱਚ ਤਰਨਤਾਰਨ ਦੀ ਧਰਤੀ 'ਤੇ ਕੌਮੀ ਸਨਮਾਨ, ਸੱਚਾਈ ਅਤੇ ਸੇਵਾ ਦੀ ਰੌਸ਼ਨੀ ਦੁਬਾਰਾ ਪ੍ਰਬਲ ਹੋਵੇਗੀ। ਉਹਨਾਂ ਨੇ ਕਿਹਾ ਕਿ ਭਾਈ ਮਨਦੀਪ ਸਿੰਘ ਜੀ, ਭਾਈ ਸੰਦੀਪ ਸਿੰਘ ਸੰਨੀ ਦੇ ਪਰਿਵਾਰ ਤੋਂ ਹਨ, ਜਿਨ੍ਹਾਂ ਨੇ ਪੰਥਕ ਆਦਰਸ਼ਾਂ ਰਾਹੀਂ ਕੁਰਬਾਨੀ ਅਤੇ ਸੇਵਾ ਦੀ ਮਿਸਾਲ ਕਾਇਮ ਕੀਤੀ ਹੈ। ਇਹ ਉਮੀਦਵਾਰੀ ਉਸ ਪਰੰਪਰਾ ਨੂੰ ਅੱਗੇ ਵਧਾਉਣ ਦਾ ਪ੍ਰਤੀਕ ਹੈ ਜੋ ਕੌਮ ਦੀ ਆਸਥਾ ਅਤੇ ਅਸਲ ਪੰਥਕ ਆਦਰਸ਼ਾਂ ਨਾਲ ਜੁੜੀ ਹੋਈ ਹੈ। ਅੰਤ ਵਿੱਚ ਬਾਪੂ ਤਰਸੇਮ ਸਿੰਘ ਜੀ ਵੱਲੋਂ ਸਮੁੱਚੀਆਂ ਕਿਸਾਨ ਜਥੇਬੰਦੀਆਂ, ਮਜਦੂਰ ਜਥੇਬੰਦੀਆਂ, ਸਿੱਖ ਜਥੇਬੰਦੀਆਂ, ਧਾਰਮਿਕ ਸੰਪਰਦਾਵਾਂ ਅਤੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਗਈ ਕਿ ਉਹ ਭਾਈ ਸੰਦੀਪ ਸਿੰਘ ਦੇ ਵੱਡੇ ਭਰਾਤਾ ਭਾਈ ਮਨਦੀਪ ਸਿੰਘ ਜੀ ਦਾ ਵੱਡੇ ਪੱਧਰ ਤੇ ਸਾਥ ਦੇਣ, ਤਾਂ ਜੋ ਪੰਜਾਬ ਵਿੱਚ ਪੰਥਕ ਪਰਚਮ ਦੁਬਾਰਾ ਲਹਿਰਾਇਆ ਜਾ ਸਕੇ ਅਤੇ ਸੱਚਾਈ ਦੀ ਆਵਾਜ਼ ਸੰਸਾਰ ਭਰ ਵਿੱਚ ਬੁਲੰਦ ਹੋ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

**ਸਮੁੱਚੇ ਖਾਲਸਾ ਪੰਥ ਦੀਆਂ ਭਾਵਨਾਵਾਂ ਅਨੁਸਾਰ ਤਰਨਤਾਰਨ ਜ਼ਿਮਨੀ ਚੋਣ ਲਈ ਉਮੀਦਵਾਰ ਦਾ ਐਲਾਨ**

350 ਸਾਲਾਂ ਸ਼ਤਾਬਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਵਿਖੇ

# ਜੈਕਾਰਿਆਂ ਦੀ ਗੂੰਜ ਨਾਲ ਆਰੰਭ ਹੋਇਆ ਬੱਚਿਆਂ ਦਾ ਗੁਰਮਤਿ ਟ੍ਰੇਨਿੰਗ ਕੈਂਪ



ਨਵੀਂ ਦਿੱਲੀ 7 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- ਸਮੁੱਚੀ ਮਾਨਵਤਾ ਦੀ ਧਾਰਮਿਕ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਹੱਕਾਂ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਮਹਾਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀਆਂ ਮਹਾਨ ਸ਼ਹਾਦਤਾਂ ਦੇ 350 ਸਾਲਾਂ ਸ਼ਤਾਬਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਵਿਖੇ ਬੱਚਿਆਂ ਦੇ ਗੁਰਮਤਿ ਸਿਖਲਾਈ ਕੈਂਪ ਦੀ ਆਰੰਭਤਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਅਰਦਾਸ ਅਤੇ ਹੁਕਮਨਾਮੇ ਦੇ ਨਾਲ ਹੋਈ। ਆਰੰਭਤਾ ਵਿੱਚ ਮੀਤ ਪ੍ਰਧਾਨ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਗੁਰਮਤਿ ਕੈਂਪ ਬਾਰੇ ਜਾਣਕਾਰੀ ਸਾਂਝੀ ਕੀਤੀ ਕਿ ਇਹ ਕੈਂਪ ਪੰਥ ਦੇ ਵਿਦਵਾਨ ਪ੍ਰਚਾਰਕ ਭਾਈ ਗੁਰਭੇਜ ਸਿੰਘ ਜੀ ਅਨੰਦਪੁਰੀ ਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬਾਨ ਭਾਈ ਚਮਕੌਰ ਸਿੰਘ ਸਭਰਾ, ਭਾਈ ਗੁਰਨਿਸ਼ਾਨ ਸਿੰਘ ਪੱਟੀ , ਭਾਈ ਲਖਬੀਰ ਸਿੰਘ ਜੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ । ਇਸ ਮੌਕੇ ਭਾਈ ਹੀਰਾ ਸਿੰਘ ਮੱਤੇਵਾਲ ਸਟੇਜ ਸਕੱਤਰ, ਮੁੱਖ ਸੇਵਾਦਾਰ ਭਾਈ ਅਨੂਪ ਸਿੰਘ ਨੇ ਕੈਂਪ ਬਾਰੇ ਵੀਚਾਰਾਂ ਦੀ ਸਾਂਝ ਪਾਈ ਤੇ ਸੰਗਤਾਂ ਨੂੰ ਵੱਧ ਤੋਂ ਵੱਧ ਬੱਚਿਆਂ ਨੂੰ ਕੈਂਪ ਵਿੱਚ ਲੈਕੇ ਆਉਣ ਦੀ ਬੇਨਤੀ ਕੀਤੀ । ਇਸ ਕੈਂਪ ਵਿੱਚ ਭਾਈ ਗੁਰਭੇਜ ਸਿੰਘ ਅਨੰਦਪੁਰੀ ਨੇ ਕੈਂਪ ਬਾਰੇ ਬੱਚਿਆਂ ਨਾਲ ਵੀਚਾਰ ਸਾਂਝੇ ਕੀਤੇ । ਸਟੇਜ ਸੈਕਟਰੀ ਭਾਈ ਹੀਰਾ ਸਿੰਘ ਜੀ ਨੇ ਦੱਸਿਆ ਕਿ ਇਸ ਕੈਂਪ ਵਿਚ ਸ਼ਾਮ ਦੇ ਵਕਤ ਭਾਈ ਗੁਰਤੇਜ ਸਿੰਘ ਵਲੋਂ ਗੱਤਕਾ ਕਲਾਸ ਵੀ ਲਗਾਈ ਜਾਵੇਗੀ । ਕੈਂਪ ਦਾ ਮੁੱਖ ਉਦੇਸ਼ ਬੱਚਿਆਂ ਨੂੰ ਗੁਰਬਾਣੀ ਸਿੱਖ ਇਤਿਹਾਸ ,ਸਿੱਖ ਰਹਿਤ ਮਰਿਆਦਾ ਅਤੇ ਆਪਣੇ ਗੌਰਵਮਈ ਵਿਰਸੇ ਨਾਲ ਜੋੜਨਾ ਅਤੇ ਸ਼ਤਾਬਦੀ ਨੂੰ ਸਹੀ ਢੰਗ ਨਾਲ ਮਨਾਉਣਾ ਹੋਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਬਾਜ਼ ਸਿੰਘ ਸਿੱਧੂ ਨੇ ਕੀਤਾ ਹਲਕੇ ਦੇ ਪਿੰਡਾਂ ਦਾ ਦੌਰਾ, ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਭਰੀ ਹਾਜ਼ਰੀ



**ਤਲਵੰਡੀ ਸਾਬੋ, 06 ਅਕਤੂਬਰ (ਗੁਰਜੰਟ ਸਿੰਘ ਨਥੇਹਾ)**-ਹਲਕਾ ਤਲਵੰਡੀ ਸਾਬੋ 'ਚ ਪਿਛਲੇ ਕਾਫੀ ਸਮੇਂ ਤੋਂ ਸਿਆਸੀ ਤੌਰ 'ਤੇ ਸਰਗਰਮ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਅੱਜ ਹਲਕੇ ਦੇ ਪਿੰਡਾਂ ਦਾ ਦੌਰਾ ਕਰਦਿਆਂ ਜਿੱਥੇ ਕਾਂਗਰਸੀ ਵਰਕਰਾਂ ਤੇ ਆਮ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਹਾਜ਼ਰੀ ਭਰੀ ਉੱਥੇ ਲੋਕ ਮੁਸ਼ਿਕਲਾਂ ਸੁਣਦਿਆਂ ਉਨਾਂ ਦੇ ਜਲਦ ਹੱਲ ਦਾ ਯਕੀਨ ਵੀ ਦਵਾਇਆ। ਲੋਕ ਪ੍ਰੋਗਰਾਮਾਂ ਚ ਹਾਜ਼ਰੀ ਭਰਨ ਉਪਰੰਤ ਹਲਕੇ ਦੇ ਪਿੰਡ ਜਗਾ ਰਾਮ ਤੀਰਥ ਵਿਖੇ ਗੱਲਬਾਤ ਕਰਦਿਆਂ ਗੁਰਬਾਜ਼ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਵਿਕਾਸ ਦੇ ਨਾਂ ਤੇ ਇਸ਼ਿਤਹਾਰਬਾਜ਼ੀ ਰੱਜ ਕੇ ਕੀਤੀ ਪਰ ਜ਼ਮੀਨ 'ਤੇ ਅਜਿਹਾ ਕੁਝ ਵੀ ਨਹੀ ਕੀਤਾ ਜਿਸਨੂੰ ਵਿਕਾਸ ਕਿਹਾ ਜਾ ਸਕੇ। ਉਨਾਂ ਕਿਹਾ ਕਿ ਹੋਰ ਤਾਂ ਹੋਰ ਤੁਸੀਂ ਬਠਿੰਡੇ ਤੱਕ ਚਲੇ ਜਾਉ ਜਿਹੜੀਆਂ ਮੇਨ ਸੜਕਾਂ 'ਚ ਕੋਈ ਟੋਆ ਪੈ ਗਿਆ ਉਸਨੂੰ ਵੀ ਭਰਨ ਦੀ ਤਕਲੀਫ ਇਸ ਸਰਕਾਰ ਨੇ ਨਹੀ ਉਠਾਈ ਨਵੀਂ ਸੜਕ ਦਾ ਨਿਰਮਾਣ ਤਾਂ ਬਹੁਤ ਦੂਰ ਦੀ ਗੱਲ ਉਨਾਂ ਕਿਹਾ ਕਿ ਅਗਰ ਹਲਕੇ ਅੰਦਰ ਸੱਚਮੁੱਚ ਵਿਕਾਸ ਹੋਇਆ ਹੈ ਤਾਂ ਇਸ ਬਾਰੇ ਸਭ ਤੋਂ ਵੱਧ ਹਲਕਾ ਵਿਧਾਇਕਾ ਦੇ ਆਪਣੇ ਪਿੰਡ ਦੇ ਲੋਕ ਬਿਹਤਰ ਦੱਸ ਸਕਦੇ ਹਨ। ਸਿੱਧੂ ਨੇ ਦਾਅਵਾ ਕੀਤਾ ਕਿ ਜਿੰਨ੍ਹਾਂ ਪਿੰਡਾਂ 'ਚ ਇੱਕ ਸਾਲ ਪਹਿਲਾਂ 5-5 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੇ ਆਰੰਭ ਦੇ ਨੀਂਹ ਪੱਥਰ ਰੱਖੇ ਗਏ ਉਨਾਂ ਪਿੰਡਾਂ 'ਚ ਨਵੀਂ ਇੱਕ ਇੱਟ ਤੱਕ ਨਹੀ ਲਗਾਈ ਗਈ। ਉਨਾਂ ਕਿਹਾ ਕਿ ਹੁਣ ਲੋਕਾਂ 'ਆਪ' ਵਾਲਿਆਂ ਦੀਆਂ ਗੱਲਾਂ 'ਚ ਨਹੀ ਆਉਣਗੇ ਕਿਉਂਕਿ ਉਹ ਭਲੀਭਾਂਤ ਸਮਝ ਚੁੱਕੇ ਹਨ ਕਿ ਇਹ ਜੁਮਲਿਆਂ ਦੀ ਸਰਕਾਰ ਹੈ। ਸਿੱਧੂ ਨੇ ਦਾਅਵਾ ਕੀਤਾ ਕਿ ਜਿੱਥੇ ਤਰਨਤਾਰਨ ਜ਼ਿਮਨੀ ਚੋਣ 'ਚ ਕਾਂਗਰਸ ਸ਼ਾਨਦਾਰ ਪ੍ਰਦਰਸ਼ਨ ਕਰੇਗੀ ਉੱਥੇ 2027 ਚ ਸਰਕਾਰ ਵੀ ਬਣਾਵੇਗੀ। ਸਿੱਧੂ ਨੇ ਜਗਾ ਰਾਮ ਤੀਰਥ ਵਿਖੇ ਮੋਦਨ ਸਿੰਘ ਮੋਦੀ ਦੇ ਅੰਤਿਮ ਸਸਕਾਰ ਮੌਕੇ ਵੀ ਹਾਜ਼ਰੀ ਲਵਾਈ। ਉਨਾਂ ਨਾਲ ਸੀਨੀਅਰ ਕਾਂਗਰਸੀ ਆਗੂ ਸੁਖਬੀਰ ਸਿੰਘ ਚੱਠਾ, ਸੁਰਜੀਤ ਸ਼ਰਮਾ ਜਗਾ ਰਾਮ ਤੀਰਥ, ਡੂੰਗਰ ਸਿੰਘ ਸੀਂਗੋ, ਸੁੱਖੀ ਮੈਨੂੰਆਣਾ, ਜਸਪਾਲ ਭਗਵਾਨਪੁਰਾ, ਹੈਪੀ ਬਹਿਮਣ ਤੇ ਹਰਪਾਲ ਗਾਟਵਾਲੀ ਆਦਿ ਆਗੂ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮੁਫਤ ਅਨਾਜ ਤੇ ਇਲਾਜ ਦੀ ਸਹੂਲਤ ਮੋਦੀ ਸਰਕਾਰ ਨੇ ਦਿੱਤੀ : ਹਰਦੀਪ ਗਿੱਲ ਪਿੰਡ ਮੱਖਣਵਿੰਡੀ ਵਿਖੇ ਭਾਜਪਾ ਦੇ ਹੱਕ ਵਿੱਚ ਭਰਵੀਂ ਮੀਟਿੰਗ



**ਜੰਡਿਆਲਾ ਗੁਰੂ, 7 ਅਕਤੂਬਰ ( ਕੁਲਵੰਤ ਸਿੰਘ ਵਿਰਦੀ )**- ਸੂਬਿਆਂ ਦਾ ਵਿਕਾਸ ਕੇਂਦਰ ਸਰਕਾਰ ਦੀ ਮਦਦ ਬਿਨਾਂ ਨਹੀਂ ਹੋ ਸਕਦਾ ਤੇ ਗੁਆਂਢੀ ਸੂਬਿਆਂ ਵਾਂਗ ਪੰਜਾਬ ਦੇ ਲੋਕ ਵੀ ਭਾਜਪਾ ਦਾ ਸਾਥ ਦੇਣ। ਇਹ ਵਿਚਾਰ ਭਾਰਤੀ ਜਨਤਾ ਪਾਰਟੀ ਜਿਲਾ ਦਿਹਾਤੀ ਦੇ ਪ੍ਰਧਾਨ ਅਤੇ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਹਰਦੀਪ ਸਿੰਘ ਗਿੱਲ ਨੇ ਪਿੰਡ ਮੱਖਣਵਿੰਡੀ ਵਿਖੇ ਪਿੰਡ ਵਾਸੀਆਂ ਦੇ ਭਰਵੇਂ ਇਕੱਠ ਦੌਰਾਨ ਪ੍ਰਗਟ ਕੀਤੇ। ਉਹਨਾਂ ਕਿਹਾ ਯੂ.ਪੀ., ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀ ਤਰਜ਼ 'ਤੇ ਪੰਜਾਬ ਦੇ ਵਿਕਾਸ ਲਈ ਭਾਜਪਾ ਨੂੰ ਇੱਕ ਮੌਕਾ ਦਿੱਤਾ ਜਾਵੇ ਤਾਂ ਹੀ ਗਰੀਬ ਵਰਗ ਦਾ ਚਹੁੰ ਮੁਖੀ ਵਿਕਾਸ ਹੋਵੇਗਾ। ਉਹਨਾਂ ਆਖਿਆ ਕਿ ਕਾਂਗਰਸ, ਆਮ ਆਦਮੀ ਪਾਰਟੀ ਤੇ ਅਕਾਲੀ ਦਲ ਤਿੰਨਾਂ ਪਾਰਟੀਆਂ ਨੂੰ ਲੋਕਾਂ ਪਰਖਿਆ ਪਰ ਕੋਈ ਵੀ ਲੋਕਾਂ ਦੀ ਕਸਵੱਟੀ 'ਤੇ ਖਰਾ ਨਹੀਂ ਉਤਰਿਆ। ਜੋ ਸੁੱਖ ਸਹੂਲਤਾਂ ਭਾਜਪਾ ਦੇ ਰਾਜ ਵਾਲੇ ਸੂਬਿਆਂ ਵਿੱਚ ਲੋਕਾਂ ਨੂੰ ਮਿਲ ਰਹੀਆਂ ਹਨ ਪੰਜਾਬ ਦੇ ਲੋਕ ਉਹਨਾਂ ਤੋਂ ਵਾਂਝੇ ਹਨ। ਹਰਦੀਪ ਗਿੱਲ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਬਿਨਾਂ ਮੰਗਿਆਂ ਗਰੀਬ ਵਰਗ ਦੀ ਸਹੂਲਤ ਲਈ ਮੁਫਤ ਅਨਾਜ, ਮੁਫਤ ਇਲਾਜ ਤੇ ਗੈਸ ਸਿਲੰਡਰ ਦੀ ਸਹੂਲਤ ਦਿੱਤੀ। ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਚਲਾਈ ਪਰ ਪੰਜਾਬ ਵਿੱਚ ਮੋਦੀ ਸਰਕਾਰ ਦੀ ਇਸ ਯੋਜਨਾ ਨੂੰ ਵੀ ਯੋਜਨਾਬੱਧ ਤਰੀਕੇ ਨਾਲ ਲਾਗੂ ਨਹੀਂ ਕੀਤਾ ਗਿਆ ਜਿਸ ਕਾਰਨ ਗਰੀਬ ਲੋਕ ਇਸ ਸਹੂਲਤ ਦਾ ਫਾਇਦਾ ਨਹੀਂ ਉਠਾ ਸਕੇ। ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਪਹੁੰਚੇ ਪਿੰਡ ਵਾਸੀਆਂ ਨੇ ਭਾਜਪਾ ਦੀਆਂ ਨੀਤੀਆਂ ਵਿੱਚ ਵਿਸ਼ਵਾਸ ਪ੍ਰਗਟ ਕਰਦਿਆਂ ਹੱਥ ਖੜੇ ਕਰਕੇ ਸਾਥ ਦੇਣ ਦਾ ਵਿਸ਼ਵਾਸ ਦਵਾਇਆ। ਇਸ ਮੌਕੇ 'ਤੇ ਸਾਹਿਬ ਸਿੰਘ, ਜਗਰੂਪ ਸਿੰਘ, ਮਨਜੀਤ ਸਿੰਘ, ਮੇਜਰ ਸਿੰਘ, ਪ੍ਰਗਟ ਸਿੰਘ, ਪਵਨਦੀਪ ਸਿੰਘ, ਹੈਪੀ ਸਿੰਘ, ਪ੍ਰਤਪਾਲ ਸਿੰਘ, ਸਵਿੰਦਰ ਸਿੰਘ ਫੌਜੀ ,ਚਰਨ ਸਿੰਘ ,ਬਲਜੀਤ ਕੌਰ ਕੁਲਦੀਪ ਕੌਰ ,ਹਰਬੰਸ ਕੌਰ, ਸ਼ਰਨਜੀਤ ਕੌਰ ,ਗੁਰਦੀਪ ਕੌਰ ਮਨਜੀਤ ਕੌਰ, ਸਿਮਰ ਕੌਰ, ਜਗਦੀਸ਼ ਕੌਰ ,ਹਰਪਾਲ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਬਲਦੇਵ ਸਿੰਘ
ਇੰਗਲੈਂਡ






--✶ ਵੱਲੋਂ ✶--

# ਗਿਆਨੀ ਰਾਜਪਾਲ ਸਿੰਘ ਬੋਪਰਾਏ

ਪ੍ਰਚਾਰਕ ਆਈ. ਪੀ. ਡੀ.


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਨਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਭਾਈ ਕਿਰਪਾ ਸਿੰਘ ਨੱਥੂਵਾਲਾ
ਪ੍ਰਧਾਨ, ਕਿਸਾਨ ਵਿੰਗ
(ਆਈ. ਪੀ. ਡੀ.)






--✶ ਵੱਲੋਂ ✶--

# ਜਥੇਦਾਰ ਰਣਧੀਰ ਸਿੰਘ

ਪ੍ਰਧਾਨ
ਇੰਟਰਨੈਸ਼ਨਲ ਪੰਥਕ ਦਲ
ਸੰਗਰੂਰ


ਸ੍ਰੀ ਹਰਿਮੰਦਰ ਸਾਹਿਬ
ਦੇ ਸਿਰਜਣਹਾਰ ਚੌਥੇ ਪਾਤਿਸ਼ਾਹ
ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦੇ
ਪ੍ਰਕਾਸ਼ ਗੁਰਪੁਰਬ
ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
ਜਥੇਦਾਰ ਬੂਟਾ ਸਿੰਘ ਰਣਸੀਂਹ
ਸੀਨੀਅਰ ਆਗੂ
(ਯੂਨਾਈਟਿਡ ਅਕਾਲੀ ਦਲ)





ਖ਼ਾਲਿਸਤਾਨੀ ਜਰਨੈਲ ਸ਼ਹੀਦ ਭਾਈ ਜਿੰਦਾ-ਸੁੱਖਾ ਦੀ ਯਾਦ 'ਚ ਅਕਾਲ ਤਖ਼ਤ ਸਾਹਿਬ, ਪਿੰਡ ਗਦਲੀ ਅਤੇ ਰਾਜਸਥਾਨ ਵਿਖੇ

# 9 ਨੂੰ ਸ਼ਹੀਦੀ ਸਮਾਗਮਾਂ 'ਚ ਪੁੱਜਣ ਸੰਗਤਾਂ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

**ਅੰਮ੍ਰਿਤਸਰ, 7 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਵੀਹਵੀਂ ਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਖ਼ਾਲਿਸਤਾਨ ਦੀ ਅਜ਼ਾਦੀ ਲਈ ਅਰੰਭੇ ਹਥਿਆਰਬੰਦ ਸੰਘਰਸ਼ 'ਚ ਜੂਝ ਕੇ ਸ਼ਹਾਦਤਾਂ ਦੇ ਜਾਮ ਪੀਣ ਵਾਲੇ ਸੂਰਬੀਰ ਜਰਨੈਲ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਯਾਦ 'ਚ ਮਹਾਨ ਸ਼ਹੀਦੀ ਸਮਾਗਮ 9 ਅਕਤੂਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪਿੰਡ ਗਦਲੀ (ਜ਼ਿਲ੍ਹਾ ਅੰਮ੍ਰਿਤਸਰ) ਤੇ ਰਾਜਸਥਾਨ (16 ਐਫ ਐਫ) ਵਿਖੇ ਪੂਰੇ ਖ਼ਾਲਸਾਈ ਜਾਹੋ-ਜਲਾਲ ਨਾਲ ਕਰਵਾਏ ਜਾਣਗੇ। ਇਹ ਜਾਣਕਾਰੀ ਸਾਂਝੀ ਕਰਦਿਆਂ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਜਿਵੇਂ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਅਤੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੇ ਨੇ ਮੱਸੇ ਰੰਘੜ ਨੂੰ ਸੋਧ ਕੇ ਉਸਦੇ ਪਾਪਾਂ ਦੀ ਸਜ਼ਾ ਦਿੱਤੀ ਸੀ, ਓਵੇਂ ਹੀ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਜੂਨ 1984 'ਚ ਪਾਪਣ ਇੰਦਰਾ ਗਾਂਧੀ ਦੇ ਹੁਕਮਾਂ 'ਤੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਟੈਂਕਾਂ-ਤੋਪਾਂ ਨਾਲ ਕਹਿਰੀ ਹਮਲਾ ਕਰਨ ਵਾਲੇ ਭਾਰਤੀ ਫ਼ੌਜਾਂ ਦੇ ਜਰਨੈਲ ਅਰੁਣ ਸ੍ਰੀਧਰ ਵੈਦਿਆ ਨੂੰ ਪੂਨੇ ਵਿਖੇ ਗੋਲ਼ੀਆਂ ਮਾਰ ਕੇ ਸੋਧਿਆ ਤੇ ਸਿੱਖ ਕੌਮ ਦਾ ਸਿਰ ਉੱਚਾ ਕੀਤਾ। ਇਹਨਾਂ ਦੋਵਾਂ ਯੋਧਿਆਂ ਨੇ ਅਨੇਕਾਂ ਜੁਝਾਰੂ ਕਾਰਨਾਮੇ ਕਰਦਿਆਂ ਨਵੰਬਰ 1984 'ਚ ਸਿੱਖਾਂ ਦੇ ਗਲਾਂ ਵਿੱਚ ਬਲ਼ਦੇ ਟਾਇਰ ਪਾਉਣ ਵਾਲੇ ਅਤੇ ਸਿੱਖ ਬੀਬੀਆਂ ਦੀ ਪੱਤ ਲੁੱਟਣ ਵਾਲੇ ਦੋਸ਼ੀਆਂ ਲਲਿਤ ਮਾਕਨ, ਅਰਜਨ ਦਾਸ, ਧਰਮ ਦਾਸ ਸ਼ਾਸਤਰੀ ਅਤੇ ਹੋਰ ਪੰਥ ਦੋਖੀਆਂ ਨੂੰ ਚੁਣ-ਚੁਣ ਕੇ ਗੱਡੀ ਚਾੜ੍ਹਿਆ ਤੇ ਖ਼ਾਲਿਸਤਾਨ ਦੀ ਅਜ਼ਾਦੀ ਦਾ ਸੰਘਰਸ਼ ਬੁਲੰਦ ਕੀਤਾ। ਸੂਰਮਿਆਂ ਦੇ ਬਚਨ ਸਨ ਕਿ 'ਖ਼ਾਲਿਸਤਾਨ ਦੀ ਮੰਗ ਉਹਨਾਂ ਅੱਤਿਆਚਾਰਾਂ ਦੀ ਦੇਣ ਹੈ ਜਿਹੜੇ ਸਾਡੇ ਉੱਤੇ ਕੀਤੇ ਗਏ ਅਤੇ ਕੀਤੇ ਜਾ ਰਹੇ ਨੇ।' ਤੇ 'ਖਾਲਿਸਤਾਨ ਲਈ ਅਸੀਂ ਹਰ ਕੁਰਬਾਨੀ ਕਰਨ ਨੂੰ ਤਿਆਰ ਹਾਂ।' ਭਾਈ ਰਣਜੀਤ ਸਿੰਘ ਨੇ ਕਿਹਾ ਕਿ 9 ਅਕਤੂਬਰ 1992 ਨੂੰ ਪੂਨੇ ਦੀ ਯੇਰਵਾੜਾ ਜੇਲ੍ਹ ਵਿੱਚ ਭਾਈ ਜਿੰਦਾ ਤੇ ਭਾਈ ਸੁੱਖਾ ਨੇ ਹੱਸ-ਹੱਸ ਕੇ ਫਾਂਸੀ ਦਾ ਰੱਸਾ ਚੁੰਮਿਆ ਤੇ ਉਹ ਸ਼ਹਾਦਤਾਂ ਪਾ ਕੇ ਸ਼ਾਨਾਮੱਤਾ ਇਤਿਹਾਸ ਰਚ ਗਏ ਜਿਸ ਉੱਤੇ ਕੌਮ ਨੂੰ ਸਦਾ ਮਾਣ ਰਹੇਗਾ। ਇਹਨਾਂ ਜੁਝਾਰੂਆਂ ਦਾ ਮਹਾਨ ਜੀਵਨ, ਕੌਮ ਲਈ ਸਮਰਪਣ ਭਾਵਨਾ, ਸਿੱਖੀ ਸਿਦਕ, ਘਾਲਣਾ, ਸੰਘਰਸ਼, ਜੁਝਾਰੂ ਕਾਰਨਾਮੇ ਅਤੇ ਸ਼ਹਾਦਤਾਂ ਸਾਡੇ ਲਈ ਪ੍ਰੇਰਨਾ ਸ੍ਰੋਤ ਹਨ। ਦੋਵਾਂ ਜੁਝਾਰੂ-ਜਰਨੈਲਾਂ ਦੀ ਯਾਦ ਵਿੱਚ 9 ਅਕਤੂਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਤੇ ਭਾਈ ਜਿੰਦਾ ਦੇ ਪਿੰਡ ਗਦਲੀ ਤੇ ਭਾਈ ਸੁੱਖਾ ਦੇ ਪਿੰਡ 16 ਐਫ ਐਫ (ਨੇੜੇ ਕਰਨਪੁਰ, ਰਾਜਸਥਾਨ) 'ਚ ਸ਼ਹੀਦੀ ਸਮਾਗਮ ਹੋਣਗੇ, ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ। ਇਸ ਮੌਕੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੇ ਭਾਬੀ ਜੀ ਬੀਬੀ ਜਸਵਿੰਦਰ ਕੌਰ, ਭਤੀਜਾ ਭਾਈ ਰਮਨਦੀਪ ਸਿੰਘ ਅਤੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਤੁਗਲਵਾਲਾ ਦੀ ਸਿੰਘਣੀ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਪੰਥਕ ਲੇਖਕ ਭਾਈ ਮਨਿੰਦਰ ਸਿੰਘ ਬਾਜਾ (ਹਿਸਟੋਰੀਅਨ) ਦਾ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਸਨਮਾਨ

**ਅੰਮ੍ਰਿਤਸਰ, 7 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦੇ ਮੁਖੀ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਉਰਫ਼ ਬਾਬਾ ਨੰਦ ਦੀ ਸਿੰਘਣੀ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਵੱਲੋਂ ਪੰਥਕ ਲੇਖਕ ਭਾਈ ਮਨਿੰਦਰ ਸਿੰਘ ਬਾਜਾ (ਹਿਸਟੋਰੀਅਨ) ਦੇ ਗ੍ਰਹਿ ਪਿੰਡ ਬਾਜਾ ਮਰਾੜ, ਜ਼ਿਲ੍ਹਾ ਮੁਕਤਸਰ ਵਿਖੇ ਪਹੁੰਚ ਕੇ ਉਹਨਾਂ

ਆਵਾਜ਼ਿ ਕੌਮ AWAZE QAUM International Newspaper & WEB TV



ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਲੇਖਕ ਭਾਈ ਮਨਿੰਦਰ ਸਿੰਘ ਬਾਜਾ ਨੇ ਆਪਣੀਆਂ ਲਿਖਤਾਂ ਰਾਹੀਂ ਸਿੱਖ ਇਤਿਹਾਸ ਅਤੇ ਸਿੱਖ ਸੰਘਰਸ਼ ਨੂੰ ਦੁਨੀਆਂ ਦੇ ਸਾਹਮਣੇ ਬਾਖ਼ੂਬੀ ਪੇਸ਼ ਕੀਤਾ ਹੈ, ਉਹਨਾਂ ਦੀ ਇਸ ਦੇਣ ਨੂੰ ਸਿੱਖ ਕੌਮ ਹਮੇਸ਼ਾਂ ਯਾਦ ਰੱਖੇਗੀ। ਉਹਨਾਂ ਕਿਹਾ ਕਿ ਸਧਾਰਨ ਜਿਹੀ ਦਿੱਖ, ਆਮ ਕਿਸਾਨੀ ਪਰਿਵਾਰ ਨਾਲ ਸੰਬੰਧਤ, ਸਾਧਨ ਅਤੇ ਸਰਮਾਏ ਤੋਂ ਬਿਨਾਂ ਅਤੇ ਬਹੁਤ ਘੱਟ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਗੁਰਸਿੱਖ ਭਾਈ ਮਨਿੰਦਰ ਸਿੰਘ ਬਾਜਾ ਨੇ ਆਪਣੀਆਂ ਲਿਖਤਾਂ ਰਾਹੀਂ ਵੱਡੀਆਂ ਮੱਲਾਂ ਮਾਰੀਆਂ ਹਨ। ਉਹਨਾਂ ਨੇ ਇਤਿਹਾਸ ਲਿਖ ਕੇ ਇਹ ਉਲਾਮਾ ਲਾਹਿਆ ਹੈ ਕਿ 'ਸਿੱਖ ਇਤਿਹਾਸ ਸਿਰਜਦੇ ਤਾਂ ਹਨ, ਪਰ ਲਿਖਦੇ ਤੇ ਸਾਂਭਦੇ ਨਹੀਂ।' ਭਾਈ ਰਣਜੀਤ ਸਿੰਘ ਨੇ ਕਿਹਾ ਕਿ ਇਤਿਹਾਸ ਸਿਰਜਣ ਵਾਲੇ ਲੋਕ ਤਾਂ ਮਹਾਨ ਹੁੰਦੇ ਹੀ ਹਨ, ਪਰ ਉਹਨਾਂ ਜੁਝਾਰੂਆਂ ਤੇ ਸ਼ਹੀਦਾਂ ਦੀਆਂ ਘਾਲਣਾਵਾਂ ਨੂੰ ਦੁਨੀਆ ਸਾਹਮਣੇ ਪੇਸ਼ ਕਰਨ ਵਾਲੇ ਲੇਖਕ ਤੇ ਇਤਿਹਾਸਕਾਰ ਵੀ ਬੇਹੱਦ ਸਨਮਾਨ ਅਤੇ ਸਤਿਕਾਰ ਦੇ ਪਾਤਰ ਹੁੰਦੇ ਹਨ ਜੋ ਐਨੀ ਮਿਹਨਤ, ਖੋਜ, ਦ੍ਰਿੜਤਾ ਅਤੇ ਨਿਡਰਤਾ ਨਾਲ ਬੀਤੇ ਸਮੇਂ ਦੀਆਂ ਘਟਨਾਵਾਂ ਅਤੇ ਵਰਤਾਰਿਆਂ ਨੂੰ ਕਲਮਬੰਦ ਕਰਦੇ ਹਨ। ਲੇਖਕ ਭਾਈ ਮਨਿੰਦਰ ਸਿੰਘ ਬਾਜਾ ਦੀਆਂ ਕਿਤਾਬਾਂ ਖਾੜਕੂ ਯੋਧੇ ਭਾਗ ਪਹਿਲਾ ਤੇ ਦੂਜਾ, ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲਾ ਦੀ ਜੀਵਨੀ, ਪੱਗ ਦੀ ਲਾਜ (ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਬਿਅੰਤ ਸਿੰਘ ਅਤੇ ਸ਼ਹੀਦ ਭਾਈ ਕੇਹਰ ਸਿੰਘ ਦੀ ਜੀਵਨੀ), ਸ਼ੇਰ ਦਿਲ ਸ਼ਹੀਦ ਭਾਈ ਸੁਰਿੰਦਰ ਸਿੰਘ ਸੋਢੀ ਦੀ ਜੀਵਨੀ, ਜੂਨ 1984 ਘੱਲੂਘਾਰੇ ਦਾ ਬਦਲਾ, ਜਾਂਬਾਜ਼ ਯੋਧੇ, ਬਾਗ਼ੀ ਸੂਰਮੇ ਆਦਿ ਅਹਿਮ ਕਿਤਾਬਾਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਜੋਸ਼, ਜਜ਼ਬਾ ਅਤੇ ਜਨੂੰਨ ਚੜ੍ਹਦਾ ਹੈ ਅਤੇ ਪੁਰਾਤਨ ਸਿੱਖ ਇਤਿਹਾਸ ਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਖ਼ਾਲਿਸਤਾਨ ਦੇ ਹਥਿਆਰਬੰਦ ਸੰਘਰਸ਼ ਬਾਰੇ ਅਹਿਮ ਜਾਣਕਾਰੀ ਪ੍ਰਾਪਤ ਹੁੰਦੀ ਹੈ।

### ਤਰਨਤਾਰਨ ਜ਼ਿਮਨੀ ਚੋਣ ਵਿੱਚ ਪੰਥਕ ਏਕਤਾ ਦੀ ਨਵੀਂ ਲਹਿਰ

# ਭਾਈ ਮਨਦੀਪ ਸਿੰਘ ਸਾਂਝੇ ਪੰਥਕ ਉਮੀਦਵਾਰ ਐਲਾਨੇ ਗਏ – ਅੰਮ੍ਰਿਤਸਰ ਪ੍ਰੈੱਸ ਕਲੱਬ 'ਚ ਵੱਡਾ ਐਲਾਨ





**ਅੰਮ੍ਰਿਤਸਰ, 7 ਅਕਤੂਬਰ (ਆਵਾਜ਼ਿ ਕੌਮ ਬਿਊਰੋ)** -ਪੰਜਾਬ ਦੀ ਸਿਆਸੀ ਜ਼ਮੀਨ 'ਤੇ ਇੱਕ ਨਵੀਂ ਲਹਿਰ ਦੇ ਤੌਰ 'ਤੇ ਉਭਰੀ ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਹੁਣ ਸਿਰਫ਼ ਸਿਆਸੀ ਦੌੜ ਨਹੀਂ, ਸਗੋਂ ਪੰਥਕ ਏਕਤਾ ਦੀ ਪ੍ਰਤੀਕ ਬਣਦੀ ਜਾ ਰਹੀ ਹੈ। ਅੱਜ ਅੰਮ੍ਰਿਤਸਰ ਪ੍ਰੈੱਸ ਕਲੱਬ ਵਿਖੇ ਹੋਈ ਇੱਕ ਮਹੱਤਵਪੂਰਨ ਪ੍ਰੈੱਸ ਕਾਨਫਰੰਸ ਦੌਰਾਨ ਭਾਈ ਮਨਦੀਪ ਸਿੰਘ, ਜੋ ਕਿ ਸੁਧੀਰ ਸੂਰੀ ਹੱਤਿਆ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਭਾਈ ਸੰਦੀਪ ਸਿੰਘ ਦੇ ਭਰਾ ਹਨ, ਨੂੰ ਸਮੁੱਚੀਆਂ ਪੰਥਕ ਧਿਰਾਂ ਦਾ ਸਾਂਝਾ ਉਮੀਦਵਾਰ ਐਲਾਨਿਆ ਗਿਆ ਹੈ। ਇਹ ਐਲਾਨ ਭਾਈ ਤਰਸੇਮ ਸਿੰਘ — ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ — ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਤਰਨਤਾਰਨ ਦੀ ਇਹ ਚੋਣ ਪੰਥ ਦੀ ਇਜ਼ਤ, ਸਿਧਾਂਤਾਂ ਤੇ ਸੱਚਾਈ ਦੀ ਲੜਾਈ ਹੈ, ਜਿਸ ਵਿੱਚ ਪੰਥਕ ਧਿਰਾਂ ਨੇ ਇੱਕ ਸੁਰ ਵਿੱਚ ਆਪਣਾ ਉਮੀਦਵਾਰ ਚੁਣ ਕੇ ਏਕਤਾ ਦਾ ਸੰਦੇਸ਼ ਦਿੱਤਾ ਹੈ। ਇਸ ਪ੍ਰੈੱਸ ਕਾਨਫਰੰਸ ਵਿੱਚ ਯੂਨਾਈਟਿਡ ਅਕਾਲੀ ਦਲ, ਵਾਰਿਸ ਪੰਜਾਬ ਦੇ, ਖਾਲਸਾ ਮੋਰਚਾ, ਅਕਾਲੀ ਫੌਜ, ਤੇ ਹੋਰ ਕਈ ਪੰਥਕ ਸੰਗਠਨਾਂ ਦੇ ਪ੍ਰਮੁੱਖ ਆਗੂ ਮੌਜੂਦ ਸਨ। ਇਨ੍ਹਾਂ ਵਿੱਚ ਭਾਈ ਗੁਰਦੀਪ ਸਿੰਘ ਬਠਿੰਡਾ (ਪ੍ਰਧਾਨ, ਯੂਨਾਈਟਿਡ ਅਕਾਲੀ ਦਲ), ਭਾਈ ਰਾਜੀਵ ਸਿੰਘ ਖਾਲੜਾ ਕੇਸ (ਜਨਰਲ ਸਕੱਤਰ), ਇਕਬਾਲ ਸਿੰਘ ਤੁੰਗ (ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ), ਨਵਦੀਪ ਸਿੰਘ ਢੱਡੇ (ਯੂਥ ਅਕਾਲੀ ਦਲ ਪ੍ਰਧਾਨ), ਭਾਈ ਪਰਮਜੀਤ ਸਿੰਘ ਯੂ.ਕੇ., ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਅਤੇ ਭਾਈ ਮੋਹਕਮ ਸਿੰਘ ਵਰਗੇ ਸੀਨੀਅਰ ਆਗੂ ਸ਼ਾਮਲ ਸਨ। ਇਸ ਮੌਕੇ ਭਾਈ ਸੰਦੀਪ ਸਿੰਘ ਦਾ ਸਮੁੱਚਾ ਪਰਿਵਾਰ — ਮਾਤਾ ਜੀ, ਭਰਾ ਹਰਦੀਪ ਸਿੰਘ, ਅਤੇ ਪਤਨੀ ਸਮੇਤ — ਵੀ ਮੌਜੂਦ ਰਿਹਾ। ਸਾਰੇ ਪਰਿਵਾਰ ਨੇ ਪੰਥਕ ਸੰਗਠਨਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸੰਦੀਪ ਸਿੰਘ ਨਾਲ ਇਨਸਾਫ਼ ਦੀ ਲੜਾਈ ਵਿੱਚ ਹੌਸਲਾ ਬਖ਼ਿਸ਼ਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਮਨਦੀਪ ਸਿੰਘ ਨੇ ਕਿਹਾ - "ਮੈਂ ਕਿਸੇ ਇੱਕ ਪਾਰਟੀ ਜਾਂ ਸੰਗਠਨ ਦਾ ਨਹੀਂ, ਸਗੋਂ ਸਮੁੱਚੇ ਪੰਥ ਅਤੇ ਪੰਜਾਬ ਦੇ ਲੋਕਾਂ ਦਾ ਉਮੀਦਵਾਰ ਹਾਂ। ਮੇਰਾ ਉਦੇਸ਼ ਚੋਣ ਜਿੱਤਣਾ ਨਹੀਂ, ਸਗੋਂ ਪੰਜਾਬ ਦੀ ਇਜ਼ਤ, ਧਰਮਕ ਸੁਰੱਖਿਆ ਅਤੇ ਨਿਆਂ ਲਈ ਆਵਾਜ਼ ਉਠਾਉਣਾ ਹੈ।" ਉਨ੍ਹਾਂ ਨੇ ਅੱਗੇ ਕਿਹਾ ਕਿ ਤਰਨਤਾਰਨ ਦੀ ਚੋਣ ਪੰਥਕ ਜਾਗਰੂਕਤਾ ਦਾ ਪ੍ਰਤੀਕ ਬਣੇਗੀ ਅਤੇ ਜੋ ਤਾਕਤਾਂ ਸਿੱਖ ਕੌਮ ਨੂੰ ਵੰਡਣਾ ਚਾਹੁੰਦੀਆਂ ਹਨ, ਉਹਨਾਂ ਨੂੰ ਇਕਜੁਟਤਾ ਦੇ ਜਵਾਬ ਨਾਲ ਹਰਾਇਆ ਜਾਵੇਗਾ। ਇਸ ਐਲਾਨ ਤੋਂ ਪਹਿਲਾਂ ਯੂਨਾਈਟਿਡ ਅਕਾਲੀ ਦਲ, ਵਾਰਿਸ ਪੰਜਾਬ ਦੇ, ਅਤੇ ਹੋਰ ਪੰਥਕ ਧਿਰਾਂ ਦੀ ਇਕ ਮੀਟਿੰਗ ਹੋਈ ਸੀ, ਜਿਸ ਵਿੱਚ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਸੰਦੀਪ ਸਿੰਘ ਦੇ ਪਰਿਵਾਰ ਨੂੰ ਕਿਸੇ ਇੱਕ ਸੰਗਠਨ ਤਹਿਤ ਨਹੀਂ, ਸਗੋਂ ਪੰਥਕ ਝੰਡੇ ਹੇਠ ਇਕਜੁੱਟ ਹੋ ਕੇ ਪੇਸ਼ ਕੀਤਾ ਜਾਵੇ। ਇਸ ਮੀਟਿੰਗ ਨੂੰ ਪੰਥਕ ਏਕਤਾ ਦੀ ਇੱਕ ਵੱਡੀ ਕਾਮਯਾਬੀ ਵਜੋਂ ਦੇਖਿਆ ਜਾ ਰਿਹਾ ਹੈ।

ਮੀਟਿੰਗ ਤੋਂ ਬਾਅਦ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ - "ਅਸੀਂ ਸਾਰੇ ਪੰਥਕ ਜਥੇਬੰਦੀਆਂ ਨੂੰ ਇਕ ਪਲੇਟਫਾਰਮ 'ਤੇ ਲਿਆਂਦਾ ਹੈ। ਹੁਣ ਲੜਾਈ ਕਿਸੇ ਅਹੁਦੇ ਜਾਂ ਸਿਆਸੀ ਫਾਇਦੇ ਦੀ ਨਹੀਂ, ਸਗੋਂ ਸਿੱਖੀ ਦੇ ਸਿਧਾਂਤਾਂ ਤੇ ਨਿਆਂ ਦੀ ਹੈ।" ਯਾਦ ਰਹੇ ਕਿ ਸੁਧੀਰ ਸੂਰੀ, ਜੋ ਇੱਕ ਹਿੰਦੂ ਸੰਗਠਨ ਦੇ ਆਗੂ ਸਨ, ਦੀ 2022 ਵਿੱਚ ਅੰਮ੍ਰਿਤਸਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਇਸ ਮਾਮਲੇ ਵਿੱਚ ਭਾਈ ਸੰਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ ਕਾਰਨ ਪੰਥਕ ਧਿਰਾਂ ਅਤੇ ਹਿੰਦੂ ਸੰਗਠਨਾਂ ਵਿਚਕਾਰ ਤਣਾਅ ਵਧ ਗਿਆ ਸੀ। ਪੰਥਕ ਸੰਗਠਨਾਂ ਦਾ ਮੰਨਣਾ ਹੈ ਕਿ ਸੰਦੀਪ ਸਿੰਘ ਨੂੰ ਝੂਠੇ ਦੋਸ਼ਾਂ ਹੇਠ ਫਸਾਇਆ ਗਿਆ ਹੈ, ਅਤੇ ਉਸ ਦੇ ਨਾਲ ਨਿਆਂ ਨਹੀਂ ਹੋ ਰਿਹਾ। ਇਸੇ ਪ੍ਰਸੰਗ ਵਿੱਚ, ਭਾਈ ਮਨਦੀਪ ਸਿੰਘ ਦੀ ਉਮੀਦਵਾਰੀ ਨੂੰ ਸਿਰਫ਼ ਇੱਕ ਚੋਣੀ ਮੰਜ਼ਿਲ ਨਹੀਂ, ਸਗੋਂ ਇਨਸਾਫ਼ ਅਤੇ ਸੱਚ ਦੀ ਲੜਾਈ ਵਜੋਂ ਦੇਖਿਆ ਜਾ ਰਿਹਾ ਹੈ। ਤਰਨਤਾਰਨ ਹਲਕਾ ਸਿੱਖ ਪੰਥ ਦੀ ਰਾਜਨੀਤੀ ਦਾ ਇੱਕ ਪ੍ਰਮੁੱਖ ਕੇਂਦਰ ਮੰਨਿਆ ਜਾਂਦਾ ਹੈ। ਇਥੇ ਦੇ ਗੁਰਦੁਆਰੇ, ਮਜੀਠੀਆ ਪੰਥਕ ਇਤਿਹਾਸ ਅਤੇ ਕਈ ਧਾਰਮਿਕ ਅੰਦੋਲਨਾਂ ਨੇ ਹਮੇਸ਼ਾਂ ਪੰਥ ਦੀ ਦਿਸ਼ਾ ਤੈਅ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਭਾਈ ਮਨਦੀਪ ਸਿੰਘ ਦੀ ਉਮੀਦਵਾਰੀ ਨੇ ਤਰਨਤਾਰਨ ਦੀ ਚੋਣ ਨੂੰ ਪੂਰੀ ਤਰ੍ਹਾਂ ਪੰਥਕ ਰੂਪ ਦੇ ਦਿੱਤਾ ਹੈ, ਅਤੇ ਇਸ ਲੜਾਈ ਨੂੰ ਹੁਣ ਸਿਰਫ਼ "ਸੀਟ ਜਿੱਤਣ" ਦੀ ਨਹੀਂ, ਸਗੋਂ ਸਿਧਾਂਤਕ ਜੰਗ ਵਜੋਂ ਦੇਖਿਆ ਜਾ ਰਿਹਾ ਹੈ। ਭਾਈ ਤਰਸੇਮ ਸਿੰਘ ਨੇ ਕਿਹਾ - "ਜਿਵੇਂ ਸਿੱਖ ਕੌਮ ਨੇ ਹਮੇਸ਼ਾਂ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੈ, ਤਿਵੇਂ ਹੀ ਇਹ ਚੋਣ ਸਾਡੇ ਪੰਥਕ ਅਸੂਲਾਂ ਦੀ ਜਿੱਤ ਦਾ ਪ੍ਰਤੀਕ ਹੋਵੇਗੀ। ਪੰਥ ਦੇ ਹਿੱਤਾਂ ਤੋਂ ਵੱਡੀ ਕੋਈ ਸਿਆਸਤ ਨਹੀਂ।"

ਤਰਨਤਾਰਨ ਦੀ ਜ਼ਿਮਨੀ ਚੋਣ ਹੁਣ ਪੰਜਾਬ ਦੇ ਸਿਆਸੀ ਮੰਜ਼ਰ ਦਾ ਕੇਂਦਰ ਬਣ ਚੁੱਕੀ ਹੈ। ਭਾਈ ਮਨਦੀਪ ਸਿੰਘ ਦੀ ਉਮੀਦਵਾਰੀ ਪੰਥਕ ਸੰਗਠਨਾਂ ਲਈ ਇੱਕ ਇਕੱਠੇ ਪਲੇਟਫਾਰਮ ਦੀ ਸ਼ੁਰੂਆਤ ਵਜੋਂ ਦੇਖੀ ਜਾ ਰਹੀ ਹੈ। ਅਗਲੇ ਦਿਨਾਂ ਵਿੱਚ ਤਰਨਤਾਰਨ ਦੀ ਮਿੱਟੀ ਤੋਂ ਉੱਠਣ ਵਾਲੀ ਇਹ ਲਹਿਰ ਪੰਜਾਬ ਦੀ ਸਿਆਸੀ ਦਿਸ਼ਾ ਤੈਅ ਕਰ ਸਕਦੀ ਹੈ।

### ਭਾਰਤੀ ਚੋਣ ਕਮਿਸਨ ਵੱਲੋਂ ਵੋਟਰ ਸਰਵਿਸ ਤੇ

# ਨਵੇਂ ਮਡਿਊਲ "ਬੁੱਕ ਏ ਕਾਲ ਵਿਦ ਬੀ.ਐਲ.ਓ." ਦੀ ਕੀਤੀ ਸੁਰੂਆਤ

ਜੰਡਿਆਲਾ ਗੁਰੂ 7 ਅਕਤੂਬਰ, ( ਕੁਲਵੰਤ ਸਿੰਘ ਵਿਰਦੀ ) ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਚੋਣ ਕਮਿਸਨ ਵੱਲੋਂ ਵੋਟਰ ਸਰਵਿਸ ਪੋਰਟਲ ਤੇ ਨਵੇਂ ਮਡਿਊਲ "ਬੁੱਕ ਏ ਕਾਲ ਵਿਦ ਬੀ.ਐਲ.ਓ." ਦੀ ਸੁਰੂਆਤ ਕੀਤੀ ਹੈ। ਉਨ੍ਹਾ ਦੱਸਿਆ ਕਿ ਇਸ ਰਾਹੀਂ ਆਮ ਨਾਗਰਿਕ /ਵੋਟਰ, ਵੋਟਰ ਸੂਚੀ ਸਬੰਧੀ ਆਪਣੇ ਮਸਲਿਆਂ ਦਾ ਹੱਲ ਬੂਥ ਲੈਵਲ ਅਫਸਰ ਪਾਸੋਂ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜਦੋਂ ਕੋਈ ਨਾਗਰਿਕ ਵੋਟਰ ਸਰਵਿਸ ਪੋਰਟਲ ਤੇ "ਬੁੱਕ ਏ ਕਾਲ ਵਿਦ ਬੀ.ਐਲ.ਓ." ਆਪਸਨ ਰਾਹੀਂ ਕਾਲ ਬੁੱਕ ਕਰੇਗਾ ਤਾਂ ਬੀ.ਐਲ.ਓ. ਅਤੇ ਪ੍ਰਾਰਥੀ ਦੋਵਾਂ ਨੂੰ ਇੱਕ ਟੈਕਸਟ ਮੈਸੇਜ ਰਸੀਵ ਹੋਵੇਗਾ, ਜਿਸ ਉਪਰੰਤ ਬੀ.ਐਲ.ਓ. ਪ੍ਰਾਰਥੀ ਨੂੰ ਫੋਨ ਕਰਕੇ ਉਸ ਦੀਆਂ ਸਮੱਸਿਆਵਾਂ ਦਾ ਹੱਲ ਕਰੇਗਾ। ਇਸ ਤੋਂ ਬਾਅਦ ਬੀ.ਐਲ.ਓ. ਐਪ ਤੇ ਕਾਲ ਰਿਕੂਐਸਟ ਆਪਸਨ ਵਿੱਚ ਜਾ ਕੇ ਕਾਨਟੈਕਟਿਡ ਬਟਨ ਤੇ ਕਲਿੱਕ ਕਰਕੇ ਸਟੇਟਸ ਅੱਪਡੇਟ ਕਰੇਗਾ। ਜੇਕਰ ਪ੍ਰਾਰਥੀ ਨੇ ਕਾਲ ਰਸੀਵ ਨਹੀਂ ਕੀਤੀ ਤਾਂ ਉਹ ਅਨਅਵੇਲਏਵਲ ਬਟਨ ਤੇ ਕਲਿੱਕ ਕਰੇਗਾ। ਉਨ੍ਹਾਂ ਦੱਸਿਆ ਕਿ ਬੀ.ਐਲ.ਓ. ਵੱਲੋਂ ਰਿਸਪਾਂਸ ਕਰਨ ਮਗਰੋਂ ਈ.ਸੀ.ਆਈ. ਨੈਟ ਤੇ ਰਿਪੋਰਟ ਅੱਪਡੇਟ ਹੋ ਜਾਵੇਗੀ ਅਤੇ ਉਸ ਦਾ ਇੱਕ ਮੈਸੇਜ ਸਬੰਧਤ ਪ੍ਰਾਰਥੀ ਨੂੰ ਵੀ ਜਾਵੇਗਾ। ਉਨ੍ਹਾਂ ਜਿਲ੍ਹਾ ਵਾਸੀਆਂ ਨੂੰ ਭਾਰਤ ਚੋਣ ਕਮਿਸਨ ਵੱਲੋਂ ਜਾਰੀ ਸੋਸਲ ਮੀਡੀਆ ਪਲੇਟਫਾਰਮਾਂ ਨੂੰ ਫਾਲੋ ਕਰਨ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਨੂੰ ਚੋਣ ਕਮਿਸਨ ਵੱਲੋਂ ਜਾਰੀ ਹਦਾਇਤਾਂ ਅਤੇ ਗਤੀਵਿਧੀਆਂ ਦੀ ਜਾਣਕਾਰੀ ਮਿਲਦੀ ਰਹੇ।



**ਆਮ ਨਾਗਰਿਕ /ਵੋਟਰ, ਵੋਟਰ ਸੂਚੀ ਸਬੰਧੀ ਆਪਣੇ ਮਸਲਿਆਂ ਦਾ ਹੱਲ ਬੂਥ ਲੈਵਲ ਅਫਸਰ ਪਾਸੋਂ ਪ੍ਰਾਪਤ ਕਰ ਸਕਦੇ-ਡਿਪਟੀ ਕਮਿਸ਼ਨਰ**

# ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਤੇ ਚਲ ਕੇ ਹੀ ਅਸੀਂ ਜੀਵਨ ਨੂੰ ਬਣਾ ਸਕਦੇ ਹਾਂ ਖੁਸ਼ਹਾਲ- ਸ੍ਰ: ਈ.ਟੀ.ਓ.



